http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜ਼ਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 1, ਅੰਕ 1 | ਮਾਸਕ — ਮੁੱਲ 5 ਰੁ | ਅਕਤੂਬਰ 2009

## ਖੁਰਾਕ ਦੇ ਅਧਿਕਾਰ ਦਾ ਘਾਣ ਕਰਕੇ, ਏਹਨੂੰ ਮਾਤਰ ਇੱਕ ਸੁਭਾਗ ਬਣਾਇਆ ਜਾ ਰਿਹਾ ਹੈ

ਖੁਰਾਕ ਦੇ ਅਧਿਕਾਰ ਨੂੰ ਯਕੀਨੀ ਬਨਾਉਣਾ ਬੇਹੱਦ ਜ਼ਰੂਰੀ ਹੈ। ਅੱਜ ਜਦ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ, ਜਦ ਸਾਰੇ ਪਾਸੇ ਭੁੱਖਮਰੀ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਤਦ ਇਸ ਅਧਿਕਾਰ ’ਤੇ ਹੋਣ ਵਾਲੇ ਹਮਲੇ ਨੂੰ ਪਹਿਲਾਂ ਤੋਂ ਕਿਤੇ ਜ਼ਿਆਦਾ ਸਖ਼ਤ ਰੂਪ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ।

21ਵੀਂ ਸਦੀ ’ਚ ਅੱਜ ਹਿੰਦੁਸਤਾਨ ਆਪਣੀ ਜਨਤਾ ਦੇ ਪੇਟ ਭਰਨ ’ਚ ਅਸਮਰੱਥ ਹੈ। ਹਿੰਦੁਸਤਾਨੀ ਸਰਕਾਰ ਇਹ ਯਕੀਨੀ ਬਨਾਉਣ ’ਚ ਅਸਮਰੱਥ ਹੈ ਕਿ ਸਮਾਜ ਦੇ ਸਾਰੇ ਮੈਂਬਰਾਂ ਨੂੰ ਖੁਰਾਕ ਦਾ ਅਧਿਕਾਰ ਮਿਲੇ। ਲੱਖਾਂ ਬੱਚੇ ਭੁੱਖੇ ਪੇਟ ਸੌਣ ਲਈ ਮਜਬੂਰ ਹਨ। ਗਰਭਵਤੀ ਔਰਤਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਮਿਹਨਤਕਸ਼ ਮਰਦ ਤੇ ਔਰਤਾਂ ਹਰ ਰੋਜ਼ ਸਿਰਫ਼ ਦੋ ਰੋਟੀਆਂ ਜਾਂ ਮੁੱਠੀ ਭਰ ਚਾਵਲ ਦੇ ਨਾਲ ਪਿਆਜ਼ ਤੇ ਮਿਰਚ ਖਾ ਕੇ ਗੁਜ਼ਾਰਾ ਕਰਦੇ ਹਨ। ਤੇ ਹੁਣ ਪਿਆਜ਼ ਵੀ ਪਹੁੰਚ ਤੋਂ ਬਾਹਰ ਹਨ। ਖੁਰਾਕ ਤੇ ਖੇਤੀ ਸੰਗਠਨ (ਐਫ. ਏ. ਓ.) ਦੇ ਅੰਕੜਿਆਂ ਤੋਂ ਇਹ ਸਾਬਿਤ ਹੁੰਦਾ ਹੈ ਕਿ ‘‘ਨਿਰੰਤਰ ਭੁੱਖ ਦੀ ਸਥਿਤੀ ’ਚ ਰਹਿਣ ਵਾਲੀ ਸੰਪੂਰਣ ਆਬਾਦੀ ਦੇ ਮਾਮਲੇ ’ਚ ਕੋਈ ਹੋਰ ਦੇਸ਼ ਹਿੰਦੁਸਤਾਨ ਦੇ ਨੇੜੇ-ਤੇੜੇ ਵੀ ਨਹੀਂ ਹੈ।’’

ਬਾਕੀ ਸਫਾ 13 'ਤੇ

## ਝੂਠੇ ਮੁਕਾਬਲਿਆਂ ‘ਚ ਕਤਲ — ਹਕੂਮਤੀ ਦਹਿਸ਼ਤਗਰਦੀ ਦਾ ਇੱਕ ਮਿਆਰੀ ਅਮਲ

ਸਮਾਚਾਰ ਪੱਤਰਾਂ ‘ਚ 7 ਸਤੰਬਰ ਨੂੰ ਇਹ ਖਬਰ ਛਪੀ ਕਿ ਅਹਿਮਦਾਬਾਦ ਵਿੱਚ ਮੈਟਰੋਪੋਲਿਟਨ ਮੈਜਿਸਟ੍ਰੇਟ, ਐਮ.ਪੀ.ਤਾਮੰਗ, ਵਲੋਂ ਕੀਤੀ ਗਈ ਨਿਆਂਇਕ ਜਾਂਚ ਤੋਂ ਪਤਾ ਲੱਗਾ ਹੈ ਕਿ ਜਦ, ਜੂਨ 2004 ਵਿੱਚ ਇਸ਼ਰਤ ਜਹਾਂ ਨਾਮਕ ਮੁਟਿਆਰ ਅਤੇ ਤਿੰਨ ਹੋਰ ਲੋਕਾਂ ਨੂੰ, ਮੁੱਖ ਮੰਤਰੀ ਨਰੇਂਦਰ ਮੋਦੀ ਦਾ “ਕਤਲ” ਕਰਨ ਦੇ ਤਥਾਕਥਿਤ ਮਿਸ਼ਨ ਲਈ ਆਉਂਦਿਆਂ ਮਾਰ ਦਿੱਤਾ ਗਿਆ ਸੀ, ਅਸਲ ਵਿੱਚ ਉਹ ਪੁਲਸ ਵਲੋਂ ਇੱਕ “ਝੂਠੇ ਮੁਕਾਬਲੇ” ਦਾ ਕੇਸ ਸੀ।

ਯਾਦ ਰਹੇ ਕਿ ਉਸ ਵਕਤ ਪੁਲਸ ਦੀ ਅਪਰਾਧ ਸ਼ਾਖਾ (ਡੀ.ਸੀ.ਬੀ.) ਦੇ ਮੁਖੀਏ, ਡੀ.ਜੀ. ਵਨਜਾਰਾ (ਜੋ ਕਿ ਝੂਠੇ ਪੁਲਸ ਮੁਕਾਬਲੇ ਵਿੱਚ ਸੋਹਰਾਬੂਦੀਨ ਦੀ ਮੌਤ ਲਈ ਵੀ ਮੁੱਖ ਦੋਸ਼ੀ

ਬਾਕੀ ਸਫਾ 19 'ਤੇ

ਸਰਮਾਏਦਾਰ ਪਾਰਟੀਆਂ ਹਰਿਆਣਾ ਦੇ ਲੋਕਾਂ ਦੇ ਲਈ ਗੰਭੀਰ ਖ਼ਤਰਾ ਹਨ!

## ਕਮਿਊਨਿਸਟਾਂ ਨੂੰ ਮਜ਼ਦੂਰ-ਕਿਸਾਨ ਗਠਜੋੜ ਬਨਾਉਣ ’ਤੇ ਧਿਆਨ ਦੇਣਾ ਹੋਵੇਗਾ!

ਹਰਿਆਣਾ ਵਿਧਾਨ ਸਭਾ ਚੋਣ ’ਤੇ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 20 ਸਤੰਬਰ, 2009

ਦੇਖੋ ਸਫਾ 2

ਮਨਮੋਹਣ ਸਿੰਘ ਸਰਕਾਰ ਦੇ ਮਜ਼ਦੂਰ-ਵਿਰੋਧੀ ਹਮਲੇ ਖ਼ਿਲਾਫ ਇੱਕਜੁੱਟ ਹੋ ਜਾਓ!

## ਇੱਕ ਉੱਤੇ ਹਮਲਾ ਸੱਭ ਉੱਤੇ ਹਮਲਾ!

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 8 ਸਤੰਬਰ 2009

ਦੇਖੋ ਸਫਾ 4

## ਡਬਲਯੂ.ਟੀ.ਓ. ਨੂੰ ਮੁੜ ਕੇ ਜਿੰਦਾ ਕਰਨ ਦੀ ਹਿੰਦੋਸਤਾਨ ਦੀ ਪਹਿਲ ਅਤੇ ਕਿਸਾਨਾਂ ਦਾ ਵਿਰੋਧ

ਦੇਖੋ ਸਫਾ 10 ਤੇ



## ਪਾਠਕਾਂ ਲਈ ਜਰੂਰੀ ਸੂਚਨਾ

ਪਿਆਰੇ ਪਾਠਕ ਸਾਥੀਓ, ਪਿਛਲੇ ਦੋ ਸਾਲ ਤੋਂ ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ, ਪੰਜਾਬੀ ਵਿੱਚ 'ਲੋਕ-ਅਵਾਜ਼' ਦੇ ਨਾਂ ਨਾਲ ਛਪ ਰਿਹਾ ਸੀ। ਹਥਲੇ ਅੰਕ ਤੋਂ ਇਹ 'ਮਜ਼ਦੂਰ ਏਕਤਾ ਲਹਿਰ' ਦੇ ਨਾਂ ਹੇਠ ਛਪਿਆ ਕਰੇਗਾ।

# ਸਰਮਾਏਦਾਰ ਪਾਰਟੀਆਂ ਹਰਿਆਣਾ ਦੇ ਲੋਕਾਂ ਦੇ ਲਈ ਗੰਭੀਰ ਖ਼ਤਰਾ ਹਨ! ਕਮਿਊਨਿਸਟਾਂ ਨੂੰ ਮਜ਼ਦੂਰ-ਕਿਸਾਨ ਗਠਜੋੜ ਬਨਾਉਣ 'ਤੇ ਧਿਆਨ ਦੇਣਾ ਹੋਵੇਗਾ!

## ਹਰਿਆਣਾ ਵਿਧਾਨ ਸਭਾ ਚੋਣ 'ਤੇ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 20 ਸਤੰਬਰ, 2009

ਹਰਿਆਣਾ ਰਾਜ ਵਿਧਾਨ ਸਭਾ ਦੀਆਂ ਚੋਣਾਂ 13 ਅਕਤੂਬਰ ਨੂੰ ਹੋਣਗੀਆਂ। ਹਿੰਦੁਸਤਾਨ ਤੇ ਵਿਦੇਸ਼ੀ ਵੱਡੇ ਪੂੰਜੀਪਤੀ ਇਸ ਚੋਣ ਨੂੰ ਇਕ ਚੰਗਾ ਮੌਕਾ ਮੰਨਦੇ ਹਨ, ਜਿਸ 'ਚ ਉਹ ਦਿੱਲੀ ਦੇ ਰਾਸ਼ਟਰੀ ਰਾਜਧਾਨੀ ਖੇਤਰ ਦੇ ਨਾਲ ਜੁੜੇ ਹੋਏ, ਇਸ ਤੇਜ਼ੀ ਨਾਲ ਅੱਗੇ ਵਧਣ ਵਾਲੇ ਰਾਜ 'ਚ ਕਾਂਗਰਸ ਪਾਰਟੀ ਨੂੰ ਫਿਰ ਤੋਂ ਜਿਤਾ ਕੇ, ਦੇਸ਼ 'ਚ ਉਸ ਦੀ ਪਕੜ ਨੂੰ ਮਜ਼ਬੂਤ ਕਰਨ ਦੀ ਉਮੀਦ ਕਰ ਰਹੇ ਹਨ।

ਇਸ ਚੋਣ 'ਚ ਹੁਕਮਰਾਨ ਕਾਂਗਰਸ ਪਾਰਟੀ ਦੇ ਵਿਰੋਧ 'ਚ ਖੜ੍ਹੀਆਂ ਹੋਣ ਵਾਲੀਆਂ ਪਾਰਟੀਆਂ ਇੰਡੀਅਨ ਨੈਸ਼ਨਲ ਲੋਕ ਦਲ (ਇਨਲੋ) ਤੇ ਭਾਜਪਾ ਹਨ। ਹਾਲਾਂਕਿ ਬੀਤੇ ਦਿਨਾਂ 'ਚ ਇਨ੍ਹਾਂ ਦੋਵਾਂ ਪਾਰਟੀਆਂ ਦਾ ਆਪਸੀ ਗਠਜੋੜ ਰਿਹਾ ਹੈ, ਪਰ ਇਸ ਵਾਰ ਉਨ੍ਹਾਂ ਵਿਚਾਲੇ ਸਮਝੌਤਾ ਨਹੀਂ ਹੋ ਸਕਿਆ। ਇਸ ਲਈ ਇਹ ਦੋਵੇਂ ਪਾਰਟੀਆਂ ਚੋਣਾਂ 'ਚ ਅਲੱਗ-ਅਲੱਗ ਖੜ੍ਹੀਆਂ ਹੋ ਰਹੀਆਂ ਹਨ। ਨਤੀਜੇ ਵਜੋਂ, ਕਾਂਗਰਸ ਪਾਰਟੀ ਹਰਿਆਣਾ 'ਚ ਤੇਜ਼ੀ ਨਾਲ ਪੂੰਜੀਵਾਦੀ ਵਾਧਾ ਲਿਆਉਣ ਦਾ ਦਾਅਵਾ ਕਰਦੀ ਹੋਈ ਚੋਣਾਂ 'ਚ ਫਿਰ ਤੋਂ ਜਿੱਤਣ ਦੀ ਉਮੀਦ ਕਰ ਰਹੀ ਹੈ।

ਬੀਤੇ 20 ਵਰ੍ਹਿਆਂ ਤੋਂ ਭੂਮੰਡਲੀਕਰਨ, ਉਦਾਰੀਕਰਨ ਤੇ ਨਿੱਜੀਕਰਨ ਜ਼ਰੀਏ ਪੂੰਜੀਵਾਦ ਦੇ ਤੇਜ਼ੀ ਨਾਲ ਵਾਧੇ ਦੀ ਵਜ੍ਹਾ ਨਾਲ ਹਰਿਆਣਾ 'ਚ ਜਿੰਦਲ ਤੇ ਮੁੰਜਲ ਵਰਗੇ ਕਈ ਬਹੁਤ ਜ਼ਿਆਦਾ ਅਮੀਰ ਘਰਾਣੇ ਪੈਦਾ ਹੋਏ ਹਨ। ਕੁਝ ਮੁੱਠੀ ਭਰ ਲੋਕਾਂ ਨੂੰ ਬਹੁਤ ਜ਼ਿਆਦਾ ਤਰੱਕੀ ਦਾ ਸਿਹਰਾ ਕਾਂਗਰਸ ਪਾਰਟੀ ਨੂੰ ਜਾਂਦਾ ਹੈ। ਪਰ ਨਾਲ ਹੀ ਨਾਲ, ਬਹੁਗਿਣਤੀ, ਯਾਨੀ ਮਜ਼ਦੂਰਾਂ ਤੇ ਕਿਸਾਨਾਂ ਦੀ ਰੋਜ਼ੀ-ਰੋਟੀ ਬਹੁਤ ਜ਼ਿਆਦਾ ਅਸੁਰੱਖਿਅਤ ਹੋ ਗਈ। ਜਿਸ ਲਈ ਵੀ ਕਾਂਗਰਸ ਪਾਰਟੀ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ।

ਉਦਯੋਗ ਤੇ ਸੇਵਾ ਖੇਤਰਾਂ 'ਚ ਜੋ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ, ਉਹ ਹਰਿਆਣਾ ਰਾਜ ਅੰਦਰ ਰੁਜ਼ਗਾਰ ਲੱਭਣ ਵਾਲਿਆਂ ਦੇ ਲਈ ਨਾਕਾਫ਼ੀ ਹਨ। ਵਿਸ਼ਵ ਸੰਕਟ 'ਚ ਪ੍ਰਭਾਵਿਤ ਹੋਏ ਬੇਰੁਜ਼ਗਾਰ ਨੌਜਵਾਨਾਂ, ਸਿੱਖਿਅਤ ਲੜਕੀਆਂ ਤੇ ਮਜ਼ਦੂਰਾਂ 'ਚ ਬਹੁਤ ਬੇਚੈਨੀ ਪੈਦਾ ਹੋਈ ਹੈ। ਸ਼ਹਿਰਾਂ ਦੇ ਮਿਹਨਤਕਸ਼ ਲੋਕ ਪਾਣੀ ਦੀ ਸਪਲਾਈ ਤੇ ਪੱਕੀਆਂ ਸੜਕਾਂ ਵਰਗੀਆਂ ਬੁਨਿਆਦੀ ਜਨ ਸੇਵਾਵਾਂ ਦੀ ਕਮੀ ਦੇ ਕਾਰਨ ਗੁੱਸੇ 'ਚ ਹਨ। ਪਿੰਡਾਂ 'ਚ ਲੱਖਾਂ ਕਿਸਾਨ ਇਹ ਮਹਿਸੂਸ ਕਰ ਰਹੇ ਹਨ ਕਿ 1966 'ਚ ਹਰਿਆਣਾ ਰਾਜ ਦੀ ਸਥਾਪਨਾ ਦੇ ਬਾਅਦ, ਚੰਡੀਗੜ੍ਹ ਤੇ ਨਵੀਂ ਦਿੱਲੀ 'ਚ ਜੋ ਵੀ ਪਾਰਟੀਆਂ ਸਰਕਾਰ 'ਚ ਆਈਆਂ, ਉਨ੍ਹਾਂ ਸਾਰੀਆਂ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ।

ਇਹ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਵੰਡਿਆ ਸੀ ਤੇ ਉਸ ਤੋਂ ਬਾਅਦ ਹਰੀ ਕ੍ਰਾਂਤੀ ਨੂੰ ਚਾਲੂ ਕੀਤਾ। ਜਿਸ ਕਰਕੇ ਹਰਿਆਣਾ ਪੂਰੇ ਦੇਸ਼ ਦੇ ਲਈ ਮੂਲ ਅਨਾਜਾਂ ਦਾ ਇੱਕ ਮੁੱਖ ਉਤਪਾਦਕ ਬਣ ਗਿਆ। ਹਰਿਆਣਾ 'ਚ ਕਣਕ ਤੇ ਚਾਵਲ ਦੇ ਉਤਪਾਦਨ ਦੇ ਵਾਧੇ ਤੇ ਸਰਕਾਰੀ ਖ਼ਰੀਦ ਨੀਤੀ ਨੂੰ ਤਦ ਤਕ ਲਾਗੂ ਕੀਤਾ ਗਿਆ, ਜਦ ਤਕ ਵੱਡੇ ਪੂੰਜੀਪਤੀਆਂ ਲਈ ਇਹ ਲਾਭਦਾਇਕ ਸੀ। 1991 ਤੋਂ, ਉਦਾਰੀਕਰਨ ਤੇ ਨਿੱਜੀਕਰਨ ਦੇ ਪ੍ਰੋਗਰਾਮ ਦੇ ਅੰਤਰਗਤ ਇਸੇ ਕਾਂਗਰਸ ਪਾਰਟੀ ਨੇ ਅਨਾਜ ਦੇ ਬਾਜ਼ਾਰਾਂ 'ਚ ਸਰਕਾਰੀ ਦਖਲ-ਅੰਦਾਜ਼ੀ ਨੂੰ ਘਟਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ।

ਜਦਕਿ 70 ਤੇ 80 ਦੇ ਦਹਾਕਿਆਂ 'ਚ ਕਣਕ ਤੇ ਚਾਵਲ ਦਾ ਉਤਪਾਦਨ ਬਹੁਤ ਤੇਜ਼ੀ ਨਾਲ ਵਧ ਰਿਹਾ ਸੀ ਤਾਂ 1990 ਤੋਂ ਇਹ ਸਥਿਰ ਹੈ। ਵਾਰ-ਵਾਰ ਇਕ ਹੀ ਫ਼ਸਲ ਨੂੰ ਉਗਾਉਣ ਤੇ ਇਕ ਹੀ ਤਰ੍ਹਾਂ ਦੀ ਰਸਾਇਣਕ ਖਾਦ ਦਾ ਇਸਤੇਮਾਲ ਕਰਨ ਨਾਲ ਜ਼ਮੀਨ ਦੀ ਉਤਪਾਦਕ ਸ਼ਕਤੀ ਘਟਦੀ ਜਾ ਰਹੀ ਹੈ। ਕਾਂਗਰਸ ਪਾਰਟੀ ਜੋ ਇਸ ਨੀਤੀ ਨੂੰ ਬਨਾਉਣ ਵਾਲੀ ਸੀ, ਹੁਣ ਉਹ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਅਲਗ-ਅਲਗ ਤਰ੍ਹਾਂ ਦੀਆਂ ਫ਼ਸਲਾਂ ਉਗਾਉਣੀਆਂ ਚਾਹੀਦੀਆਂ ਹਨ। ਪਰ ਕਿਸੇ ਦੂਸਰੀ ਫ਼ਸਲ ਦੇ ਲਈ ਕੋਈ ਨੀਤੀ ਜਾਂ ਸਮਰਥਨ ਮੁੱਲ ਨਹੀਂ ਹੈ।

ਵਧਦੇ ਭੂਮੰਡਲੀਕਰਨ ਵਾਲੇ ਬਾਜ਼ਾਰਾਂ 'ਚ ਕਿਸਾਨਾਂ ਨੂੰ ਆਪ ਆਪਣੀ ਦੇਖਭਾਲ ਕਰਨ ਨੂੰ ਕਿਹਾ ਜਾ ਰਿਹਾ ਹੈ। ਉਨ੍ਹਾਂ ਨੂੰ ਵੱਡੀਆਂ-ਵੱਡੀਆਂ ਪੂੰਜੀਵਾਦੀ ਕੰਪਨੀਆਂ ਦੇ ਨਾਲ ਠੇਕੇ ਲੈ ਕੇ, ਵਿਸ਼ਵ ਬਾਜ਼ਾਰ ਦੇ ਉਤਰਾਅ-ਚੜ੍ਹਾਅ ਦੇ ਨਾਲ-ਨਾਲ ਡਿੱਗਣ ਜਾਂ ਚੜ੍ਹਨ ਨੂੰ ਕਿਹਾ ਜਾ ਰਿਹਾ ਹੈ। ਕੁਝ ਕਿਸਾਨਾਂ ਨੇ ਕਪਾਹ ਉਗਾਉਣ, ਕੁਝ ਨੇ ਸਬਜ਼ੀਆਂ ਉਗਾਉਣ ਜਾਂ ਕੁਝ ਹੋਰ ਨੇ ਤਿਲ ਜਾਂ ਗੰਨੇ ਉਗਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਤਪਾਦਨ ਦੀ ਅਨਿਸ਼ਚਿਤਤਾ ਤੇ ਜ਼ਰੂਰੀ ਸਾਮਾਨ ਦੀਆਂ ਵਧਦੀਆਂ ਕੀਮਤਾਂ ਦਾ ਉਨ੍ਹਾਂ 'ਤੇ ਬੁਰਾ ਅਸਰ ਪਿਆ ਹੈ। ਹੁਣ ਉਨ੍ਹਾਂ 'ਚ ਕਈ ਕਿਸਾਨ ਫਿਰ ਤੋਂ ਕਣਕ ਜਾਂ ਚਾਵਲ ਉਗਾਉਣ ਲੱਗੇ ਹਨ। ਉਨ੍ਹਾਂ ਨੂੰ ਹੁਣ ਪਹਿਲਾਂ ਤੋਂ ਜ਼ਿਆਦਾ ਖ਼ਤਰਨਾਕ ਹਾਲਤਾਂ, ਅਨਿਸ਼ਚਿਤ ਬਿਜਲੀ ਸਪਲਾਈ, ਘੱਟ ਸਰਕਾਰੀ ਸਮਰਥਨ ਮੁੱਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਆਦਾਤਰ ਕਿਸਾਨ ਕਰਜ਼ੇ 'ਚ ਡੁੱਬੇ ਹੋਏ ਹਨ। ਬੈਂਕਾਂ, ਪੂੰਜੀਵਾਦੀ ਕੰਪਨੀਆਂ ਜਾਂ ਕਿਸੇ ਰਿਅਲ ਅਸਟੇਟ ਡਵੈਲਪਰ ਦੇ ਹੱਥਾਂ 'ਚ ਆਪਣੀ ਜ਼ਮੀਨ ਗੁਆਉਣ ਦਾ ਖਤਰਾ ਉਨ੍ਹਾਂ 'ਤੇ ਮੰਡਰਾ ਰਿਹਾ ਹੈ।

ਕਾਂਗਰਸ ਪਾਰਟੀ, ਭਾਜਪਾ ਤੇ ਹਰਿਆਣਾ 'ਚ ਪੂੰਜੀਪਤੀ ਵਰਗ ਦੀਆਂ ਦੂਸਰੀਆਂ ਪਾਰਟੀਆਂ ਇਹ ਦਾਅਵਾ ਕਰ ਰਹੀਆਂ ਹਨ ਕਿ ਹਿੰਦੁਸਤਾਨ ਤੇ ਸਾਰੀ ਦੁਨੀਆ ਦੇ ਪੂੰਜੀਪਤੀਆਂ ਨੂੰ ਹਰਿਆਣਾ 'ਚ ਪੂੰਜੀ ਨਿਵੇਸ਼ ਕਰਨ ਨੂੰ ਆਕਰਸ਼ਿਤ ਕਰਨਾ ਹੀ ਰੁਜ਼ਗਾਰ ਪੈਦਾ ਕਰਨ ਦਾ ਇਕ-ਮਾਤਰ ਰਸਤਾ ਹੈ। ਉਹ ਦਾਅਵਾ ਕਰ ਰਹੀਆਂ ਹਨ ਕਿ ਜਿਸ

ਨਾਲ ਜ਼ਿਆਦਾ ਤੋਂ ਜ਼ਿਆਦਾ ਕਿਸਾਨਾਂ ਨੂੰ ਖੇਤੀ ਤੋਂ ਹਟਣ ਦੇ ਲਈ ਮਦਦ ਮਿਲੇਗੀ।

ਇਹ ਸੱਚ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਕਿਸਾਨ ਪਰਿਵਾਰ ਆਪਣੇ ਮੁੰਡੇ ਤੇ ਕੁੜੀਆਂ ਨੂੰ ਸੁਰੱਖਿਅਤ ਰੋਜ਼ੀ-ਰੋਟੀ ਦੀ ਤਲਾਸ਼ 'ਚ ਸ਼ਹਿਰਾਂ ਨੂੰ ਭੇਜ ਰਹੇ ਹਨ। ਪਰ ਸਿਰਫ਼ ਕੁਝ ਲੋਕਾਂ ਨੂੰ ਹੀ ਨੌਕਰੀਆਂ ਮਿਲ ਰਹੀਆਂ ਹਨ। ਜਿਨ੍ਹਾਂ ਨੂੰ ਨੌਕਰੀਆਂ ਮਿਲ ਵੀ ਰਹੀਆਂ ਹਨ, ਉਹ ਦੇਖ ਰਹੇ ਹਨ ਕਿ ਪੂੰਜੀਪਤੀ ਮਾਲਿਕ ਉਨ੍ਹਾਂ ਨੂੰ ਨਾ ਤਾਂ ਰੁਜ਼ਗਾਰ ਦੀ ਸੁਰੱਖਿਆ ਦੇ ਰਹੇ ਹਨ, ਨਾ ਹੀ ਕਿਰਤ ਕਨੂੰਨਾਂ ਦੀ ਪਾਲਨਾ ਕਰ ਰਹੇ ਹਨ, ਜਿਸ ਅਨੁਸਾਰ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਸੁਰੱਖਿਆ ਦਾ ਹੱਕ ਮਿਲਣਾ ਚਾਹੀਦਾ ਹੈ।

ਤੇਜ਼ੀ ਨਾਲ ਵਧਦੇ ਹੋਏ ਉਦਯੋਗਿਕ ਤੇ ਸੇਵਾ ਖੇਤਰਾਂ 'ਚ ਮਜ਼ਦੂਰ ਆਪਣੇ ਮਾਲਕਾਂ ਵੱਲੋਂ ਬਹੁਤ ਜ਼ਿਆਦਾ ਲੁੱਟ ਦੇ ਸ਼ਿਕਾਰ ਹੋ ਰਹੇ ਹਨ। ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ ਜਦਕਿ ਤਨਖਾਹਾਂ ਬਹੁਤ ਪਿੱਛੇ ਰਹਿ ਗਈਆਂ ਹਨ। ਮਜ਼ਦੂਰਾਂ ਨੂੰ ਵਧਦੀਆਂ ਕੀਮਤਾਂ ਦੇ ਨਾਲ-ਨਾਲ ਤਨਖਾਹ 'ਚ ਤਬਦੀਲੀ ਦਾ ਹੱਕ ਬਹੁਤ ਘੱਟ ਪ੍ਰਾਪਤ ਹੈ। 25,000 ਏਕੜ ਜ਼ਮੀਨ 'ਤੇ ਬਣਾਏ ਜਾਣ ਵਾਲੇ ਰਿਲਾਇੰਸ ਸੇਜ਼ ਸਮੇਤ ਸਾਰੇ ਵਧੇਰੇ-ਚਰਚਿਤ ਵਿਸ਼ੇਸ਼ ਆਰਥਕ ਖੇਤਰਾਂ (ਸੇਜ਼) 'ਚ ਮਜ਼ਦੂਰਾਂ ਨੂੰ 12 ਘੰਟਿਆਂ ਤੱਕ ਕੰਮ ਕਰਵਾਉਣ, ਜ਼ਿਆਦਾਤਰ ਮਜ਼ਦੂਰਾਂ ਨੂੰ ਠੇਕੇ 'ਤੇ ਕੰਮ ਕਰਵਾਉਣ ਤੇ ਕੋਈ ਲੰਮੇ ਸਮੇਂ ਦੀਆਂ ਸਹੂਲਤਾਂ ਨਾ ਦੇਣ ਦਾ ਅਭਿਆਸ ਲਾਗੂ ਹੋ ਰਿਹਾ ਹੈ।

ਜੋ ਮਜ਼ਦੂਰ ਆਪਣੀ ਯੂਨੀਅਨ ਬਣਾ ਕੇ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਦੇ ਹਨ, ਉਨ੍ਹਾਂ ਨੂੰ ਰਾਜ ਦੀ ਪੁਲਿਸ ਗ਼ੈਰ ਮਨੁੱਖੀ ਤਸ਼ੱਦਦ ਨਾਲ ਕੁਚਲਦੀ ਹੈ। ਹਰਿਆਣਾ ਦੀ ਜਨਤਾ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹੁੱਡਾ ਦੀ ਮੌਜੂਦਾ ਸਰਕਾਰ ਨੇ ਹੀਰੋ ਹਾਂਡਾ ਕੰਪਨੀ ਦੇ ਹੜਤਾਲੀ ਮਜ਼ਦੂਰਾਂ 'ਤੇ ਬਦਨਾਮ ਪੁਲਿਸ ਹਮਲੇ ਦੇ ਨਾਲ ਆਪਣਾ ਇਹ ਦੌਰ ਸ਼ੁਰੂ ਕੀਤਾ ਸੀ। ਯੂਨੀਅਨ ਬਣਾ ਕੇ ਆਪਣੇ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਕਰਨ ਵਾਲੇ ਮਜ਼ਦੂਰਾਂ ਨੂੰ ਰੋਕਣ ਲਈ ਗੈਰ ਮਨੁੱਖੀ ਤਸ਼ੱਦਦ ਦਾ ਇਸਤੇਮਾਲ ਕੀਤਾ ਜਾਂਦਾ ਹੈ। ਸਮਾਜ 'ਚ ਕੋਈ ਵੀ ਵਰਗ ਜੇਕਰ ਪੂੰਜੀਵਾਦੀ ਰਸਤੇ ਦਾ ਵਿਰੋਧ ਕਰਦਾ ਹੈ, ਤਾਂ ਉਸ ਨੂੰ ਜਬਰ ਨਾਲ ਦਬਾਇਆ ਜਾਂਦਾ ਹੈ।

ਪੂੰਜੀਵਾਦੀ ਵਾਧੇ ਦੀ ਵਜ੍ਹਾ ਨਾਲ ਜੰਗਲ ਖਤਮ ਹੋ ਰਹੇ ਹਨ, ਕਈ ਜ਼ਿਲ੍ਹਿਆਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਤੇ ਇਕ ਹੀ ਫ਼ਸਲ ਦੇ ਵਾਰ-ਵਾਰ ਉਗਾਉਣ ਨਾਲ ਜ਼ਮੀਨ ਦੀ ਉਤਪਾਦਕਤਾ ਘਟ ਰਹੀ ਹੈ। ਉਦਯੋਗਿਕ ਸ਼ਹਿਰਾਂ 'ਚ ਮਿਹਨਤਕਸ਼ਾਂ ਨੂੰ ਗੰਦਗੀ ਤੇ ਭੀੜ-ਭੜੱਕੇ ਦੇ ਵਾਤਾਵਰਣ 'ਚ ਰਹਿਣਾ ਪੈ ਰਿਹਾ ਹੈ, ਜਿਥੇ ਸਾਫ਼ ਪੀਣ ਦਾ ਪਾਣੀ ਵੀ ਨਹੀਂ ਮਿਲਦਾ। ਔਰਤ ਮਜ਼ਦੂਰਾਂ ਨੂੰ ਲਗਾਤਾਰ ਕਈ ਖਤਰਿਆਂ ਨੂੰ ਸਹਿਣਾ ਪੈਂਦਾ ਹੈ। ਕਈ ਸ਼ਹਿਰਾਂ ਤੇ ਜ਼ਿਲ੍ਹਿਆਂ 'ਚ ਜੁਰਮ ਵਧ ਰਹੇ ਹਨ।

ਅੱਜ ਸਾਰੇ ਇਹ ਸਮਝਦੇ ਹਨ ਕਿ ਕਾਂਗਰਸ ਪਾਰਟੀ ਹਿੰਦੁਸਤਾਨ ਦੇ ਵੱਡੇ-ਵੱਡੇ ਪੂੰਜੀਪਤੀਆਂ ਤੇ ਉਨ੍ਹਾਂ ਦੇ ਵਿਦੇਸ਼ੀ ਸਾਂਝੀਦਾਰਾਂ ਦੀ ਪਾਰਟੀ ਹੈ। ਕਾਂਗਰਸ ਪਾਰਟੀ ਖੁੱਲ੍ਹੇਆਮ ਐਲਾਨ ਕਰਦੀ ਹੈ ਕਿ ''ਅਸੀਂ ਹਰਿਆਣਾ 'ਚ ਨਿਵੇਸ਼ ਕਰਨ ਵਾਲੇ ਪੂੰਜੀਪਤੀਆਂ ਨੂੰ ਜ਼ਿਆਦਾ ਮੁਨਾਫਿਆਂ ਦੀ ਗਰੰਟੀ ਦੇਵਾਂਗੇ!'' ਕਿਸਾਨਾਂ ਅਤੇ ਵਧ ਰਹੀ ਮਜ਼ਦੂਰ ਜਮਾਤ ਦੇ ਹਿਤਾਂ ਨੂੰ ਪੂੰਜੀਪਤੀ ਵਰਗ ਦੀ ਹਵਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਇ.ਨ.ਲੋ. ਕਿਸਾਨਾਂ ਤੇ ਬੇਰੁਜ਼ਗਾਰ ਨੌਜਵਾਨਾਂ ਤੇ ਔਰਤਾਂ ਦੇ ਹਿਤਾਂ ਦੀ ਰੱਖਿਆ ਕਰਨ ਦਾ ਦਾਅਵਾ ਕਰਦੀ ਹੈ ਪਰ ਉਸ ਦਾ ਅਮਲ ਇਹ ਸਾਫ਼-ਸਾਫ਼ ਦਿਖਾਉਂਦਾ ਹੈ ਕਿ ਉਹ ਕਾਂਗਰਸ ਪਾਰਟੀ ਦਾ ਕੋਈ ਅਸਲੀ ਬਦਲ ਨਹੀਂ ਹੈ। ਜਦ ਉਹ ਸਰਕਾਰ 'ਚ ਰਹੀ ਹੈ, ਤਦ ਉਸ ਨੇ ਪੂੰਜੀਪਤੀਆਂ ਤੇ ਰਿਅਲ ਅਸਟੇਟ ਮਾਲਕਾਂ ਦੇ ਨਾਲ ਸਮਝੌਤੇ ਕੀਤੇ ਹਨ। ਉਸ ਨੇ ਉਦਾਰੀਕਰਨ ਤੇ ਨਿੱਜੀਕਰਨ ਦੇ ਜ਼ਰੀਏ ਉਤਪਾਦਨ ਤੇ ਪੂੰਜੀ ਦੇ ਭੂਮੰਡਲੀਕਰਨ ਦਾ ਉਹੀ ਰਸਤਾ ਅਪਣਾਇਆ ਹੈ ਤੇ ਸਪੱਸ਼ਟ ਦਿਖਾ ਦਿੱਤਾ ਹੈ ਕਿ ਉਹ ਪੂੰਜੀਪਤੀ ਵਰਗ ਦੀ ਪਾਰਟੀ ਹੈ।

ਪੂੰਜੀਵਾਦੀ ਪਾਰਟੀਆਂ ਨੇ ਜ਼ਿਆਦਾਤਰ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਇਸ ਲਈ ਮਜ਼ਦੂਰ ਵਰਗ ਲਈ, ਕਿਸਾਨਾਂ ਨੂੰ ਆਪਣੇ ਵੱਲ ਖਿੱਚਣ ਦਾ ਇਕ ਚੰਗਾ ਮੌਕਾ ਹੈ। ਪਰ ਇਸ ਮੌਕੇ ਦਾ ਫਾਇਦਾ ਚੁੱਕਣ ਲਈ ਮਜ਼ਦੂਰ ਵਰਗ ਨੂੰ ਇਕਜੁਟ ਹੋਣਾ ਪਵੇਗਾ। ਵੱਡੇ ਪੱਧਰ 'ਤੇ ਮਜ਼ਦੂਰਾਂ ਨੂੰ ਆਪਣੀ ਲੁੱਟ ਖਿਲਾਫ਼ ਤੇ ਆਪਣੇ ਹੱਕਾਂ ਦੀ ਰੱਖਿਆ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਕਮਿਊਨਿਸਟ ਝੰਡੇ ਹੇਠਾਂ, ਇਕਜੁਟ ਹੋ ਕੇ ਸੰਘਰਸ਼ ਕਰ ਰਿਹਾ ਮਜ਼ਦੂਰ ਵਰਗ ਹੀ ਪੂੰਜੀਪਤੀਆਂ ਨੂੰ ਹਰਾਉਣ ਲਈ ਕਿਸਾਨਾਂ ਤੇ ਸਮਾਜ ਦੇ ਸਾਰੇ ਦੂਸਰੇ ਅਸੰਤੁਸ਼ਟ ਤਬਕਿਆਂ ਦੀ ਏਕਤਾ ਬਨਾਉਣ ਦੀ ਰਾਜਨੀਤਕ ਪਹਿਲ ਲੈ ਸਕੇਗਾ।

ਉਦਯੋਗਿਕ ਤੇ ਸੇਵਾ ਖੇਤਰਾਂ ਦੇ ਨੌਜਵਾਨਾਂ ਤੇ ਸੰਖਿਆ 'ਚ ਵਧਦੇ ਮਜ਼ਦੂਰਾਂ ਨੂੰ ਯੂਨੀਅਨ ਬਨਾਉਣ ਤੇ ਆਪਣੀ ਲੁੱਟ ਦਾ ਵਿਰੋਧ ਕਰਨ ਦੇ ਸੰਘਰਸ਼ 'ਚ ਜਥੇਬੰਦ ਕਰਨ ਲਈ ਕਮਿਊਨਿਸਟਾਂ ਨੂੰ ਆਪਣੀ ਪੂਰੀ ਤਾਕਤ ਲਗਾਉਣੀ ਹੋਵੇਗੀ।

ਇਹ ਜ਼ਰੂਰੀ ਹੈ ਕਿ ਕਮਿਊਨਿਸਟ ਕਾਂਗਰਸ ਪਾਰਟੀ ਜਾਂ ਕਿਸੇ ਹੋਰ ਪੂੰਜੀਵਾਦੀ ਪਾਰਟੀ ਦੀ ਪੂਛ ਬਨਣ ਦੀ ਕਾਰਜ-ਦਿਸ਼ਾ ਤੋਂ ਪੂਰੀ ਤਰ੍ਹਾਂ ਨਾਲ ਸਬੰਧ ਤੋੜ ਲੈਣ। ਕਮਿਊਨਿਸਟਾਂ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੇ ਆਜ਼ਾਦ ਰਾਜਨੀਤਕ ਮੋਰਚੇ ਨੂੰ ਅਗਵਾਈ ਦੇਣੀ ਚਾਹੀਦੀ ਹੈ।

ਹਿੰਦੁਸਤਾਨ ਦੇ ਲਈ ਨਵੇਂ ਰਸਤੇ ਦੇ ਨਜ਼ਰੀਏ ਦੇ ਅੰਤਰਗਤ, ਹਰਿਆਣਾ ਨੂੰ ਵੀ ਇਕ ਨਵੇਂ ਨਜ਼ਰੀਏ ਦੀ ਜ਼ਰੂਰਤ ਹੈ, ਇਕ ਆਧੁਨਿਕ ਉਦਯੋਗਿਕ-ਖੇਤੀ ਅਰਥਵਿਵਸਥਾ, ਇਕ ਸੱਭਿਅਕ ਸਮਾਜ ਦੇ ਤੌਰ 'ਤੇ ਵਿਕਸਤ ਹੋਣ ਦੇ ਰਸਤੇ 'ਤੇ ਚੱਲਣ ਦੀ ਜ਼ਰੂਰਤ ਹੈ। ਮਿਹਨਤਕਸ਼ ਬਹੁਗਿਣਤੀ ਦੀ ਸੁਰੱਖਿਅਤ ਰੋਜ਼ੀ-ਰੋਟੀ ਤੇ ਦੂਸਰੇ ਸਾਰੇ ਅਧਿਕਾਰਾਂ ਅਤੇ ਸਨਮਾਨ ਨੂੰ ਯਕੀਨੀ ਬਨਾਉਣਾ ਹੋਵੇਗਾ।

ਕੌਣ ਇਸ ਤਰ੍ਹਾਂ ਦੀ ਸਰਕਾਰ ਸਥਾਪਤ ਕਰ ਸਕਦਾ ਹੈ, ਜੋ ਸਾਰੇ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਕਰੇਗੀ, ਉਨ੍ਹਾਂ ਦੇ ਆਪਸੀ ਹਿਤਾਂ 'ਚ ਤਾਲਮੇਲ ਲਿਆਵੇਗੀ ਤੇ ਪੂੰਜੀਪਤੀਆਂ ਦੀ ਹਵਸ 'ਤੇ ਰੋਕ ਲਗਾਏਗੀ? ਸਿਰਫ਼ ਮਜ਼ਦੂਰਾਂ ਤੇ ਕਿਸਾਨਾਂ ਦਾ ਸ਼ਕਤੀਸ਼ਾਲੀ ਰਾਜਨੀਤਕ ਗਠਜੋੜ ਹੀ ਇਸ ਤਰ੍ਹਾਂ ਕਰ ਸਕਦਾ ਹੈ। ਇਸ ਤਰ੍ਹਾਂ ਦੀ ਰਾਜਨੀਤਕ ਤਾਕਤ, ਇਕ ਮੋਰਚਾ ਬਨਾਉਣ ਦੀ ਜ਼ਰੂਰਤ ਹੈ, ਜੋ ਗੁੱਟਵਾਦੀ ਨਹੀਂ ਹੋਵੇਗਾ, ਬਲਕਿ ਸਾਰੇ ਮਿਹਨਤਕਸ਼ਾਂ ਦੇ ਹਿਤਾਂ 'ਚ ਤਾਲਮੇਲ ਲਿਆਉਣ ਦਾ ਕੰਮ ਕਰੇਗਾ। ਹਰਿਆਣਾ 'ਚ ਇਸ ਤਰ੍ਹਾਂ ਦੀ ਤਾਕਤ ਦੀ ਸਖ਼ਤ ਜ਼ਰੂਰਤ ਹੈ, ਜਿਸ ਤਰ੍ਹਾਂ ਕਿ ਹਰ ਰਾਜ 'ਚ ਤੇ ਪੂਰੇ ਦੇਸ਼ 'ਚ ਇਸ ਤਰ੍ਹਾਂ ਦੀ ਤਾਕਤ ਦੀ ਜ਼ਰੂਰਤ ਹੈ।

ਮੌਜੂਦਾ ਰਾਜਨੀਤਕ ਪ੍ਰਕਿਰਿਆ ਤੇ ਚੋਣ ਪ੍ਰਕਿਰਿਆ ਦਾ ਮਕਸਦ ਹੈ ਮਜ਼ਦੂਰਾਂ ਤੇ ਕਿਸਾਨਾਂ ਦੇ ਵੋਟ ਇਕੱਠੇ ਕਰਕੇ, ਇਸ ਜਾਂ ਉਸ ਪੂੰਜੀਵਾਦੀ ਪਾਰਟੀ ਨੂੰ ਸੱਤਾ 'ਚ ਲਿਆਉਣਾ। ਇਸ 'ਚ

**ਬਾਕੀ ਸਫਾ 9 'ਤੇ**

# ਮਨਮੋਹਣ ਸਿੰਘ ਸਰਕਾਰ ਦੇ ਮਜਦੂਰ-ਵਿਰੋਧੀ ਹਮਲੇ ਖ਼ਿਲਾਫ ਇੱਕਜੁੱਟ ਹੋ ਜਾਓ!

# ਇੱਕ ਉੱਤੇ ਹਮਲਾ ਸੱਭ ਉੱਤੇ ਹਮਲਾ!

## ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 8 ਸਤੰਬਰ 2009

ਕੇਂਦਰ ਦੀ ਮਨਮੋਹਣ ਸਿੰਘ ਸਰਕਾਰ, ਇੱਕ ਪਾਸੇ ਤਾਂ "ਆਮ ਆਦਮੀ" ਲਈ ਆਪਣੀ ਫਿਕਰਮੰਦੀ ਦਾ ਲਗਾਤਾਰ ਢੰਡੋਰਾ ਪਿੱਟਦੀ ਰਹਿੰਦੀ ਹੈ, ਦੂਸਰੇ ਪਾਸੇ ਇਹ ਸਾਡੇ ਦੇਸ਼ ਦੇ ਆਮ ਆਦਮੀਆਂ ਦੀ ਸੱਭ ਤੋਂ ਵੱਡੀ ਅਤੇ ਤੇਜ਼ੀ ਨਾਲ ਵਧ ਰਹੀ ਜਮਾਤ, ਮਜਦੂਰਾਂ ਦੀ ਜਮਾਤ, ਦੇ ਹੱਕਾਂ ਅਤੇ ਜੀਵਨ-ਮਿਆਰ ਉੱਤੇ ਇੱਕ ਵੱਡੇ ਸਰਵ-ਪੱਖੀ ਹਮਲੇ ਦੀ ਤਿਆਰੀ ਕਰ ਰਹੀ ਹੈ।

ਪਬਲਿਕ ਸੈਕਟਰ ਅਦਾਰਿਆਂ ਦੇ ਮਜਦੂਰਾਂ ਦੀਆਂ ਕੰਮ-ਹਾਲਤਾਂ ਅਤੇ ਉਨ੍ਹਾਂ ਦੀ ਏਕਤਾ ਗੰਭੀਰ ਖਤਰੇ 'ਚ ਹੈ। ਸਰਕਾਰ ਦੁਆਰਾ ਨਿਯੁਕਤ ਰਾਓ ਕਮੇਟੀ ਦੀ ਰਿਪ੍ਰੋਟ ਪ੍ਰਕਾਸ਼ਤ ਹੋਣ ਤੋਂ ਬਾਦ, ਵੱਖ-ਵੱਖ ਇਕਾਈਆਂ ਵਿੱਚ ਤਨਖਾਹਾਂ ਨੂੰ ਉਨ੍ਹਾਂ ਦੇ ਮੁਨਾਫਿਆਂ ਨਾਲ ਨੱਥੀ ਕਰਕੇ, (ਤਨਖਾਹਾਂ ਨੂੰ) ਘਟਾਉਣ ਦੇ ਜੋਰਦਾਰ ਯਤਨ ਕੀਤੇ ਜਾ ਰਹੇ ਹਨ। ਨਾਲ ਹੀ ਸਰਕਾਰ ਸੰਸਦ ਵਿੱਚ ਇੱਕ ਕਨੂੰਨ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸਦੇ ਤਹਿਤ 40 ਤੋਂ ਘੱਟ ਨਿਯਮਤ ਕਾਮਿਆਂ ਵਾਲੀਆਂ ਕੰਪਣੀਆਂ ਨੂੰ ਰਿਪ੍ਰੋਟਿੰਗ ਅਤੇ ਰਜਿਸਟ੍ਰੇਸ਼ਨ ਦੀਆਂ ਜਰੂਰਤਾਂ ਤੋਂ ਮੁਕਤ ਕਰ ਦਿੱਤਾ ਜਾਵੇਗਾ। ਇਸਦਾ ਅਰਥ ਹੈ ਕਿ ਇਨ੍ਹਾਂ ਸਰਮਾਏਦਾਰਾਂ ਨੂੰ ਕਿਸੇ ਵੀ ਕਿਸਮ ਦੇ ਕਿਰਤ ਕਨੂੰਨਾਂ ਜਾਂ ਨਿਯਮਾਂ ਦੀ ਪਾਲਣਾ ਨਹੀਂ ਕਰਨੀ ਪਏਗੀ। ਹੋਰ ਵੀ ਕਈ ਅਜੇਹੇ ਕਦਮ ਉਠਾਉਣ ਬਾਰੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ 'ਚੋਂ ਇੱਕ ਹੈ ਠੇਕਾ ਮਜਦੂਰੀ ਕਨੂੰਨ ਨੂੰ ਸਰਮਾਏਦਾਰਾਂ ਦੇ ਪੱਖ ਵਿੱਚ ਸੋਧਣਾ।

ਸਾਰੀਆਂ ਵੱਡੀਆਂ ਮਜਦੂਰ ਯੂਨੀਅਨਾਂ ਅਤੇ ਉਨ੍ਹਾਂ ਦੇ ਕੇਂਦਰੀ ਸੰਘਾਂ ਨੇ, ਗੰਭੀਰਤਾ ਨਾਲ ਹਾਲਤ ਦਾ ਜਾਇਜ਼ਾ ਲਾਉਣਾ ਆਰੰਭ ਦਿੱਤਾ ਹੈ। ਵਕਤ ਦੀ ਮੰਗ ਹੈ ਕਿ ਅੱਜ ਮਜਦੂਰ ਜਮਾਤ ਅੰਦੋਲਨ ਅੰਦਰ ਇਸ ਸਮੁੱਚੀ ਹਾਲਤ ਬਾਰੇ ਖੁੱਲ੍ਹੀ ਅਤੇ ਸਪੱਸ਼ਟ ਚਰਚਾ ਕੀਤੀ ਜਾਵੇ। ਸਾਨੂੰ ਸੱਚਾਈ ਦੇ ਰੂਬਰੂ ਹੋਕੇ ਬੀਤੇ ਤਜਰਬੇ ਤੋਂ ਲੋੜੀਂਦੇ ਸਬਕ ਸਿੱਖਣੇ ਚਾਹੀਦੇ ਹਨ।

ਇਨ੍ਹਾਂ 'ਚੋਂ ਇੱਕ ਮੁੱਖ ਸਬਕ ਇਹ ਹੈ ਕਿ ਮਜਦੂਰ ਜਮਾਤ ਅੰਦੋਲਨ ਦੀ ਅਗਵਾਈ ਇਨਕਲਾਬੀ ਰਾਜਨੀਤੀ ਦੇ ਅਧਾਰ ਤੇ ਕੀਤੀ ਜਾਣੀ ਚਾਹੀਦੀ ਹੈ, ਅਤੇ ਜਮਾਤੀ ਸਮਝੌਤੇ ਦੀ ਰਾਜਨੀਤੀ ਦੇ ਅਧਾਰ ਤੇ ਨਹੀਂ। ਇਸ ਜਾਂ ਉਸ ਪਾਰਟੀ ਜਾਂ ਗਠਜੋੜ ਦੀ ਚੁਣਾਵੀ ਜਿੱਤ ਨੂੰ ਮਜਦੂਰਾਂ ਦਾ ਰਾਜਨੀਤਕ ਉਦੇਸ਼ ਬਣਾ ਦੇਣ ਨੇ ਸਰਮਾਏਦਾਰੀ ਖਿਲਾਫ ਸੰਘਰਸ਼ ਨੂੰ ਖੁੰਢਾ ਕਰ ਦਿੱਤਾ ਹੈ ਅਤੇ ਮਜਦੂਰ ਜਮਾਤ ਨੂੰ ਪਾਰਟੀਆਂ ਦੀ ਆਪਸੀ ਖਹਿਬਾਜ਼ੀ ਦੇ ਅਧਾਰ ਤੇ ਅੱਡੋ-ਫਾੜ ਕਰ ਦਿੱਤਾ ਹੈ।

ਸਮੱਸਿਆ ਸਿਰਫ ਇਹ ਨਹੀਂ ਕਿ ਕਾਂਗਰਸ ਅਤੇ ਭਾਜਪਾ ਅਜੇਹਾ ਕਰਦੀਆਂ ਹਨ। ਕਮਿਉਨਿਸਟਾਂ ਦੇ ਵੱਡੇ ਧੜਿਆਂ ਨੇ ਵੀ ਇਸ ਕਿਸਮ ਦੀ ਰਾਜਨੀਤੀ ਨੂੰ ਉਤਸ਼ਾਹਤ ਕੀਤਾ ਹੈ। ਉਨ੍ਹਾਂ ਨੇ ਭਾਜਪਾ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੇ ਨਾਂ ਹੇਠ, ਕਾਂਗਰਸ ਨਾਲ ਜਾਂ ਕਿਸੇ ਹੋਰ ਸਰਮਾਏਦਾਰਾ ਪਾਰਟੀ ਨਾਲ ਗਠਜੋੜ ਬਣਾਉਣ ਦੀ ਵਕਾਲਤ ਕੀਤੀ ਹੈ। ਇਨ੍ਹਾਂ ਪਾਰਟੀਆਂ ਨੇ ਇਹ ਭੁਲਾਵਾ ਫੈਲਾਇਆ ਕਿ ਇੱਕ ਅਜੇਹਾ ਸਾਂਝਾ ਨਿਊਨਤਮ ਪ੍ਰੋਗਰਾਮ ਹੋ ਸਕਦਾ ਹੈ ਜੋ ਸਰਮਾਏਦਾਰਾਂ ਦੀ ਵੀ ਅਤੇ ਮਜਦੂਰਾਂ ਦੀ ਵੀ ਸੇਵਾ ਕਰ ਸਕਦਾ ਹੈ। ਇਸ ਨਾਲ ਪਿਛਲੇ ਕੁੱਝ ਦਹਾਕਿਆਂ ਅੰਦਰ ਸਰਮਾਏਦਾਰੀ ਦੇ ਹਮਲੇ ਖਿਲਾਫ ਮਜਦੂਰ ਜਮਾਤ ਦਾ ਸੰਘਰਸ਼ ਕਮਜ਼ੋਰ ਪੈ ਗਿਆ ਹੈ। ਇਸ ਨਾਲ ਸਰਮਾਏਦਾਰੀ ਨੂੰ, ਮਜਦੂਰ ਜਮਾਤ ਦੀ ਲੁੱਟ ਤੇਜ਼ ਕਰਨ ਵਿੱਚ ਮੱਦਦ ਮਿਲੀ ਹੈ।

### ਵਧਦੀ ਲੁੱਟ ਅਤੇ ਅਧਿਕਾਰਾਂ ਦਾ ਉਲੰਘਣ

ਪਿਛਲੇ 24 ਸਾਲਾਂ ਦਾ ਅਰਸਾ, ਆਧੁਨਿਕੀਕਰਣ ਅਤੇ ਭੂਮੰਡਲੀਕਰਣ ਦੀ ਮੁਹਿੰਮ ਦੇ ਸ਼ੁਰੂ ਹੋਣ ਦੇ ਵੇਲੇ ਤੋਂ ਤੇ ਉਸ ਤੋਂ ਬਾਅਦ ਅਖੌਤੀ ਉਦਾਰੀਕਰਣ ਅਤੇ ਨਿੱਜੀਕਰਣ ਦੇ ਪ੍ਰੋਗਰਾਮ ਨੂੰ ਲਾਗੂ ਕੀਤੇ ਜਾਣ ਦਾ ਇਹ ਸਮੁਚਾ ਅਰਸਾ, ਹਿੰਦੋਸਤਾਨ ਅੰਦਰ ਮਿਹਨਤ ਦੀ ਲੁੱਟ ਵਿੱਚ ਤੇਜ਼ੀ ਨਾਲ ਵਾਧੇ ਦਾ ਅਰਸਾ ਰਿਹਾ ਹੈ।

ਸਰਕਾਰੀ ਅੰਕੜੇ ਦਿਖਾਉਂਦੇ ਹਨ ਕਿ ਰਜਿਸਟ੍ਰਡ ਉਤਪਾਦਕ ਉਦਯੋਗ ਅੰਦਰ ਮਜਦੂਰਾਂ ਦੀ ਮਿਹਨਤ ਵਲੋਂ ਪੈਦਾ ਕੀਤਾ ਗਿਆ ਸਲਾਨਾ ਮੁੱਲ (ਕਦਰ) ਜੋ 1985-86 ਵਿੱਚ 22,600 ਕ੍ਰੋੜ ਰੁਪਏ ਸੀ ਉਹ ਵਧਕੇ 2005-06 ਵਿੱਚ 3,11,900 ਕ੍ਰੋੜ ਰੁਪਏ ਹੋ ਗਿਆ। ਇਸ ਵਿੱਚੋਂ ਪੂੰਜੀ ਦੇ ਮਾਲਕਾਂ ਵਲੋਂ ਮੁਨਾਫਿਆਂ, ਵਿਆਜ ਅਤੇ ਕਿਰਾਏ (ਜਿਸਨੂੰ ਕੁੱਲ ਮਿਲਾਕੇ ਵਾਧੂ ਮੁੱਲ ਕਿਹਾ ਜਾਂਦਾ ਹੈ) ਦੇ ਰੂਪ 'ਚ ਕਮਾਇਆ ਗਿਆ ਹਿੱਸਾ, ਮਜਦੂਰਾਂ ਨੂੰ ਉਜ਼ਰਤਾਂ ਅਤੇ ਤਨਖਾਹਾਂ (ਜਿਸਨੂੰ ਕ੍ਰਿਤ ਦੀ ਆਮਦਨ ਕਿਹਾ ਜਾਂਦਾ ਹੈ) ਦੇ ਰੂਪ ਵਿੱਚ ਦਿੱਤੇ ਗਏ ਹਿੱਸੇ ਨਾਲੋਂ ਬਹੁਤ ਜ਼ਿਆਦਾ ਤੇਜ਼ੀ ਨਾਲ ਵਧਿਆ ਹੈ।

ਮਜਦੂਰਾਂ ਨੂੰ ਦਿੱਤੀ ਗਈ ਮਿਹਨਤ ਆਮਦਨ ਦੇ ਅਨੁਪਾਤ ਬਤੌਰ ਪੂੰਜੀ ਵਲੋਂ ਕਮਾਏ ਗਏ ਵਾਧੂ ਮੁੱਲ ਨੂੰ ਮਿਹਨਤ ਦੀ ਲੁੱਟ ਦਾ ਦਰਜਾ ਕਿਹਾ ਜਾਂਦਾ ਹੈ। ਇਹ ਉਦਯੋਗਾਂ ਦੇ ਸਲਾਨਾ ਸਰਵੇਖਣ ਤਹਿਤ ਆਉਂਦੀਆਂ ਰਜਿਸਟ੍ਰਡ ਉਦਯੋਗਕ ਇਕਾਈਆਂ ਅੰਦਰ, 1985 ਅਤੇ 2005 ਦੇ ਵਿਚਾਲੇ 79 ਪ੍ਰਤੀਸ਼ਤ ਤੋਂ ਵਧਕੇ 252 ਪ੍ਰਤੀਸ਼ਤ ਹੋ ਗਿਆ ਹੈ। ਉਦਯੋਗਾਂ ਦੇ ਸਲਾਨਾ ਸਰਵੇਖਣ ਤਹਿਤ ਰਜਿਸਟਰਡ ਉਦਯੋਗਕ ਇਕਾਈਆਂ ਹੀ ਆਉਂਦੀਆਂ ਹਨ, ਜਿਨ੍ਹਾਂ ਅੰਦਰ ਜ਼ਿਆਦਾਤਰ ਮਜਦੂਰ ਯੂਨੀਅਨਾਂ ਵਿੱਚ ਜਥੇਬੰਦ ਹਨ ਅਤੇ ਆਪਣੇ ਅਧਿਕਾਰਾਂ ਦੀ ਰਖਵਾਲੀ ਲਈ ਕਨੂੰਨੀ ਵਸੀਲੇ ਵਰਤਣ ਦੀ ਯੋਗਤਾ ਰੱਖਦੇ ਹਨ। ਖੇਤੀ-ਬਾੜੀ ਅਤੇ ਸੇਵਾਵਾਂ ਦੇ ਸੈਕਟਰਾਂ ਅਤੇ ਗੈਰ-ਰਜਿਸਟਰਡ ਉਦਯੋਗਾਂ ਅੰਦਰ ਮਿਹਨਤ ਦੀ ਲੁੱਟ ਦੇ ਦਰਜ਼ੇ ਬਾਰੇ ਕੋਈ ਵੀ ਸਰਕਾਰੀ ਅੰਕੜੇ ਨਹੀਂ ਹਨ। ਯਾਦ ਰਹੇ ਕਿ ਇਨ੍ਹਾਂ ਸੈਕਟਰਾਂ ਅੰਦਰ ਜ਼ਿਆਦਾਤਰ ਮਜਦੂਰ ਯੂਨੀਅਨਾਂ 'ਚ ਜਥੇਬੰਦ ਨਹੀਂ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਕਨੂੰਨੀ ਸੁਰੱਖਿਆ ਤਕ ਪਹੁੰਚ ਨਹੀਂ ਰੱਖਦੇ।

ਪਿਛਲੇ ਕੁੱਝ ਦਹਾਕਿਆਂ ਅੰਦਰ, ਸਰਮਾਏਦਾਰੀ ਵਲੋਂ ਮਜਦੂਰਾਂ ਦੀ ਲੁੱਟ ਵਧਾਉਣ ਲਈ ਵਰਤੇ ਗਏ ਢੰਗਾਂ ਵਿੱਚੋਂ ਇੱਕ ਢੰਗ "ਆਊਟ-ਸੋਰਸਿੰਗ"

(ਬਾਹਰੋਂ ਕੰਮ ਕਰਵਾਉਣਾ), ਅਤੇ ਠੇਕਾ-ਮਜਦੂਰੀ ਨੂੰ ਵਧਾਉਣ ਵਾਲੇ ਹੋਰ ਤੌਰ-ਤਰੀਕੇ ਹਨ। ਨਿਯਮਤ ਨੌਕਰੀ ਦੀ ਬਜਾਇ ਥੋੜ੍ਹ-ਚਿਰੇ ਠੇਕਾ ਇਕਰਾਰਾਂ ਤੇ ਕੰਮ ਕਰਵਾਉਣ ਦਾ ਰਿਵਾਜ ਉਦਯੋਗ ਦੇ ਸੱਭ ਖੇਤਰਾਂ ਵਿੱਚ ਫੈਲ ਗਿਆ ਹੈ। ਵੱਧ ਤੋਂ ਵੱਧ ਮਜਦੂਰਾਂ ਨੂੰ ਉਨ੍ਹਾਂ ਸੱਭ ਅਧਿਕਾਰਾਂ ਤੋਂ ਸੱਖਣੇ ਕੀਤਾ ਜਾ ਰਿਹਾ ਹੈ, ਜੋ ਨਿਯਮਤ ਨੌਕਰੀਆਂ ਵਾਲੇ ਮਜਦੂਰਾਂ ਨੂੰ ਕਨੂੰਨੀ ਤੌਰ ਤੇ ਮਿਲਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ, ਪਬਲਿਕ ਸੈਕਟਰ ਦੀਆਂ ਅਖੌਤੀ "ਆਦਰਸ਼ ਮਾਲਕ" ਕੰਪਣੀਆਂ ਅੰਦਰ ਵੀ, 50 ਪ੍ਰਤੀਸ਼ਤ ਤੋਂ ਅਧਿਕ ਮਜਦੂਰ ਠੇਕੇ ਤੇ ਕੰਮ ਕਰ ਰਹੇ ਹਨ। ਅਧਿਕਤਰ ਨਿੱਜੀ ਕੰਪਣੀਆਂ ਅੰਦਰ ਠੇਕੇ ਤੇ ਕੰਮ ਕਰ ਰਹੇ ਮਜਦੂਰਾਂ ਦੀ ਗਿਣਤੀ ਇਸਤੋਂ ਵੀ ਬਹੁਤ ਜ਼ਿਆਦਾ ਹੈ। ਹਾਲਾਂਕਿ ਠੇਕਾ ਮਜਦੂਰੀ ਕਨੂੰਨ ਦੇ ਅਨੁਸਾਰ ਸਿਰਫ ਕੁੱਝ ਕੰਮਾਂ ਨੂੰ ਹੀ ਠੇਕੇ ਤੇ ਕਰਵਾਇਆ ਜਾ ਸਕਦਾ ਹੈ, ਲੇਕਿਨ ਅਸਲੀਅਤ ਵਿੱਚ ਵੱਧ ਤੋਂ ਵੱਧ ਸਰਮਾਏਦਾਰਾਂ ਨੂੰ ਇਸ ਕਨੂੰਨ ਦੀਆਂ ਧੱਜੀਆਂ ਉਡਾਉਣ ਅਤੇ ਵੱਡੇ ਪੈਮਾਨੇ ਤੇ ਠੇਕਾ ਮਜਦੂਰੀ ਕਰਵਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ।

ਤੇਜ਼ੀ ਨਾਲ ਵਧ ਰਹੇ ਅਧੁਨਿਕ ਸੈਕਟਰਾਂ ਅੰਦਰ, ਮਜਦੂਰਾਂ ਨੂੰ ਯੂਨੀਅਨ ਵਿੱਚ ਜਥੇਬੰਦ ਹੋਣ ਤੋਂ ਰੋਕਣ ਲਈ, ਸਰਮਾਏਦਾਰਾਂ ਨੇ ਬਹੁਤ ਸਾਰੇ ਦੁਸ਼ਟ ਤਰੀਕੇ ਅਪਣਾਏ ਹਨ। ਅਜੇਹਾ ਇੱਕ ਤਰੀਕਾ ਹੈ ਅਖੌਤੀ ਵਿਸ਼ੇਸ਼ ਬਰਾਮਦ ਖੇਤਰਾਂ ਅਤੇ ਵਿਸ਼ੇਸ਼ ਆਰਥਕ ਖੇਤਰਾਂ (ਸੇਜ਼) ਦੀ ਸਥਾਪਨਾ ਕਰਨਾ। ਇਨ੍ਹਾਂ ਵਿਸ਼ੇਸ਼ ਖੇਤਰਾਂ ਅੰਦਰ ਮਜਦੂਰਾਂ ਨੂੰ ਬੱਸਾਂ ਤੇ ਲੱਦ ਕੇ ਲਿਆਇਆ ਜਾਂਦਾ ਹੈ ਅਤੇ ਸੁਰੱਖਿਆ ਗਾਰਡਾਂ ਨੂੰ ਆਦੇਸ਼ ਦਿੱਤਾ ਹੁੰਦਾ ਹੈ ਕਿ ਉਹ ਕਿਸੇ ਟਰੇਡ ਯੂਨੀਅਨ ਜਾਂ ਕਮਿਉਨਿਸਟ ਕਾਰਕੁਨ ਨੂੰ ਅੰਦਰ ਨਾ ਵੜਨ ਦੇਣ। ਇਨ੍ਹਾਂ ਵਿਸ਼ੇਸ਼ ਖੇਤਰਾਂ ਅੰਦਰ ਮਜਦੂਰਾਂ ਤੇ ਇੱਕ ਵਿਸ਼ੇਸ਼ ਪ੍ਰਸ਼ਾਸਨਕ ਵਿਵਸਥਾ ਲਾਗੂ ਹੈ; ਉਨ੍ਹਾਂ ਨੂੰ ਲੇਬਰ ਨਿਯਮਾਂ ਅਤੇ ਕਨਸੀਲੀਏਸ਼ਨ ਦੀ ਸੁਰੱਖਿਆ ਪ੍ਰਾਪਤ ਨਹੀਂ ਹੈ।

ਮਜਦੂਰਾਂ ਦੀ ਲੁੱਟ ਨੂੰ ਵਧਾਉਣ ਲਈ, ਸਰਮਾਏਦਾਰਾਂ ਵਲੋਂ ਵਰਤਿਆ ਜਾਂਦਾ ਸੱਭ ਤੋਂ ਪੁਰਾਣਾ ਢੰਗ ਕੰਮ ਦੇ ਘੰਟੇ ਵਧਾਉਣ ਦਾ ਢੰਗ ਹੈ। ਹਾਲਾਂਕਿ ਕਾਨੂੰਨ ਸੀਮਾ 48 ਘਮਟੇ ਪ੍ਰਤੀ ਹਫਤਾ ਹੈ, ਪਰ ਵੱਧ ਤੋਂ ਵੱਧ ਖੇਤਰਾਂ ਨੂੰ ਇਸ ਨਿਯਮ ਤੋਂ ਮੁਕਤ ਕੀਤਾ ਜਾ ਰਿਹਾ ਹੈ। ਲੱਖਾਂ ਹੀ




ਮਜਦੂਰਾਂ ਤੋਂ ਨਾ ਸਿਰਫ ਛੋਟੀਆਂ ਇਕਾਈਆਂ ਵਿੱਚ ਸਗੋਂ ਆਈ.ਟੀ. ਦੇ ਵੱਡੇ ਅਦਾਰਿਆਂ ਵਿੱਚ, ਮੀਡੀਆ ਵਿੱਚ, ਬੀ.ਪੀ.ਓ. ਅਤੇ ਬਹੁਤ ਸਾਰੇ ਹੋਰ ਤੇਜ਼ੀ ਨਾਲ ਪਸਰ ਰਹੇ ਖੇਤਰਾਂ ਵਿੱਚ ਵੀ, ਬਹੁਤ ਜਿਆਦਾ ਘੰਟੇ ਕੰਮ ਕਰਵਾਇਆ ਜਾ ਰਿਹਾ ਹੈ। ਲੇਬਰ ਅਧਿਕਾਰਾਂ ਨੂੰ ਲਾਗੂ ਕਰਵਾਉਣ ਦੇ ਯੰਤਰ-ਤੰਤਰ, ਜੋ ਪਹਿਲਾਂ ਹੀ ਕਮਜ਼ੋਰ ਸਨ ਉਨ੍ਹਾਂ ਨੂੰ "ਇਨਸਪੈਕਟਰ ਰਾਜ" ਖਤਮ ਕਰਨ ਅਤੇ ਸਰਮਾਏਦਾਰਾਂ ਲਈ "ਨਿਵੇਸ਼ ਦਾ ਮਹੌਲ" ਬਿਹਤਰ ਬਣਾਉਣ ਦੇ ਬਹਾਨੇ ਹੇਠ ਹੋਰ ਵਧੇਰੇ ਕਮਜ਼ੋਰ ਕੀਤਾ ਜਾ ਰਿਹਾ ਹੈ।

ਵੱਖ ਵੱਖ ਪਾਰਟੀਆਂ ਅਤੇ ਗਠਜੋੜਾਂ ਦੀ ਅਗਵਾਈ ਵਿੱਚ, ਕੇਂਦਰ ਵਿੱਚ ਜੋ ਅਲੱਗ ਅਲੱਗ ਸਰਕਾਰਾਂ ਬਣਦੀਆਂ ਆਈਆਂ ਹਨ, ਉਨ੍ਹਾਂ ਸੱਭ ਨੇ ਮਜਦੂਰ ਜਮਾਤ ਦੀ ਲੁੱਟ ਤੇਜ਼ ਵਿੱਚ ਸਰਮਾਏਦਾਰਾਂ ਨੂੰ ਪੂਰੀ ਮੱਦਦ ਦਿੱਤੀ ਹੈ। ਰਾਜੀਵ ਗਾਂਧੀ ਅਤੇ ਨਰਸਿੰਮ੍ਹਾਂ ਰਾਓ ਦੀਆਂ ਕਾਂਗਰਸ ਸਰਕਾਰਾਂ ਨੇ ਆਧੁਨਕੀਕਰਣ ਦੀ ਮੁਹਿੰਮ ਸ਼ੁਰੂ ਕੀਤੀ ਤੇ ਬਾਦ 'ਚ ਉਦਾਰੀਕਰਣ ਅਤੇ ਨਿੱਜੀਕਰਣ ਪ੍ਰੋਗਰਾਮ ਚਲਾਇਆ। ਪਹਿਲਾਂ ਵਿਨਿਵੇਸ਼ ਕਮਿਸ਼ਨ ਦੇਵ ਗੌੜਾ ਦੀ ਸਾਂਝਾ ਮੋਰਚਾ ਸਰਕਾਰ ਨੇ ਕਾਇਮ ਕੀਤਾ ਸੀ। ਉਸਦੀ ਸਰਕਾਰ ਨੂੰ ਸੀ.ਪੀ.ਆਈ. ਅਤੇ ਸੀ.ਪੀ.ਐਮ. ਹਮਾਇਤ ਦੇ ਰਹੀਆਂ ਸਨ। ਵਿਨਿਵੇਸ਼ ਮੰਤਰਾਲਾ ਵਾਜਪਈ ਸਰਕਾਰ ਵੇਲੇ ਬਣਾਇਆ ਗਿਆ। ਇਸਨੇ, ਸਾਡੀ ਧਰਤ ਅਤੇ ਮਿਹਨਤ ਦੀ ਹੋਰ ਵਧੇਰੇ ਲੁੱਟ-ਖਸੁੱਟ ਰਾਹੀਂ ਪੂੰਜੀਵਾਦੀ ਉੱਨਤੀ ਦੀ ਗਤੀ ਤੇਜ਼ ਕਰਨ ਦੇ ਉਦੇਸ਼ ਨਾਲ "ਸੁਧਾਰਾਂ ਦਾ ਦੂਸਰਾ ਦੌਰ" ਸ਼ੁਰੂ ਕੀਤਾ। ਪਹਿਲੀ ਮਨਮੋਹਣ ਸਿੰਘ ਸਰਕਾਰ ਨੇ ਮਜਦੂਰ ਜਮਾਤ ਦੇ ਖਿਲਾਫ ਪੂੰਜੀਵਾਦੀ ਹਮਲੇ ਨੂੰ ਜਾਰੀ ਰੱਖਿਆ, ਹਾਲਾਂਕਿ ਇਹ ਦਾਅਵਾ ਕਰਦੀ ਰਹੀ ਕਿ ਇਹ ਇੱਕ "ਮਾਨਵੀ ਚੇਹਰੇ" ਨਾਲ "ਆਮ ਆਦਮੀ" ਨੂੰ ਧਿਆਨ 'ਚ ਰੱਖਕੇ, ਸੁਧਾਰਾਂ ਨੂੰ ਲਾਗੂ ਕਰ ਰਹੀ ਹੈ

ਕਾਂਗਰਸ ਪਾਰਟੀ ਦੀ ਅਗਵਾਈ ਹੇਠ ਮਨਮੋਹਣ ਸਿੰਘ ਸਰਕਾਰ ਦੇ ਦੁਬਾਰਾ ਚੁਣੇ ਜਾਣ ਤੋਂ ਬਾਅਦ, ਵਿੱਤ ਮੰਤਰਾਲੇ ਵਲੋਂ ਤਿਆਰ ਕੀਤੇ ਗਏ ਆਰਥਕ ਸਰਵੇਖਣ 2008-09 ਵਿੱਚ ਕਨੂੰਨੀ ਤੌਰ ਤੇ 60 ਘੰਟੇ ਪ੍ਰਤੀ ਹਫਤਾ ਕੰਮ ਨੂੰ ਲਾਗੂ ਕਰਨ ਦੀ ਤਜ਼ਵੀਜ ਰੱਖੀ ਗਈ ਹੈ। ਅਗਰ ਇਹਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਵੱਡੀਆਂ ਸਰਮਾਏਦਾਰ ਕੰਪਣੀਆਂ ਨੂੰ ਫੌਰਨ ਕ੍ਰੋੜਾਂ ਰੁਪਏ ਦਾ ਫਾਇਦਾ ਹੋਵੇਗਾ, ਕਿਉਂਕਿ ਉਨ੍ਹਾਂ ਨੂੰ 48 ਘੰਟੇ ਤੋਂ ਉੱਪਰ ਕੀਤੇ ਗਏ ਕੰਮ ਦੇ ਘੰਟਿਆਂ ਲਈ ਓਵਰ ਟਾਈਮ ਨਹੀਂ ਦੇਣਾ ਪਏਗਾ। ਵੱਡੀਆਂ-ਵੱਡੀਆਂ ਕੰਪਣੀਆਂ ਵਿੱਚ ਮਜਦੂਰਾਂ ਨੂੰ ਉਤਨੀ ਹੀ ਤਨਖਾਹ ਤੇ ਵਧੇਰੇ ਸਮਾਂ ਕੰਮ ਕਰਨ ਲਈ ਮਜਬੂਰ ਕੀਤਾ ਜਾਵੇਗਾ, ਜਿਸ ਨਾਲ ਛੋਟੀਆਂ ਕੰਪਣੀਆਂ ਦੇ ਮਜਦੂਰਾਂ ਤੇ ਦਬਾ ਵਧੇਗਾ। ਕੰਮ ਦੇ ਘੰਟਿਆਂ ਦੀ ਕਨੂੰਨੀ ਸੀਮਾ ਵਧਾਉਣ ਨਾਲ ਸਰਮਾਏਦਾਰ ਜਮਾਤ ਨੂੰ ਸਮੁੱਚੀ ਮਜਦੂਰ ਜਮਾਤ ਦੀ ਲੁੱਟ-ਖਸੁੱਟ ਵਧਾਉਣ 'ਚ ਮੱਦਦ ਮਿਲੇਗੀ।

## ਪ੍ਰਾਪੇਗੰਡੇ ਰਾਹੀਂ ਹਮਲਾ

ਮਜਦੂਰ-ਵਿਰੋਧੀ ਹਮਲੇ ਦੀ ਸਹਾਇਤਾ ਕਰਨ ਲਈ ਇੱਕ ਤਕੜਾ ਵਿਚਾਰਧਾਰਕ ਹਮਲਾ ਵੀ ਕੀਤਾ ਜਾ ਰਿਹਾ ਹੈ, ਜੋ ਬਿਨਾ ਸੀਮਾਂਵਾਂ ਤੋਂ ਅੰਤਾਂ ਦੀ ਲੁੱਟ-ਖਸੁੱਟ ਨੂੰ ਜ਼ਾਇਜ ਕਰਾਰ ਦਿੰਦਾ ਹੈ। ਸਰਮਾਏਦਾਰ ਅਤੇ ਉਨ੍ਹਾਂ ਦੇ ਸਿਆਸਤਦਾਨ ਇਹ ਵਿਚਾਰ (ਧਾਰਣਾ) ਫੈਲਾ ਰਹੇ ਹਨ ਕਿ ਜੇਕਰ

ਹਿੰਦੋਸਤਾਨ ਨੂੰ ਵਿਸ਼ਵ ਪੱਧਰ ਤੇ ਪ੍ਰਤਿਯੋਗੀ ਬਣਨਾ ਹੈ ਤਾਂ ਇਹ ਜਰੂਰੀ ਹੈ ਕਿ ਮਜਦੂਰ ਪਹਿਲਾਂ ਨਾਲੋਂ ਵਧੇਰੇ ਤੀਬਰ ਲੁੱਟ-ਖਸੁੱਟ ਨੂੰ ਸਵੀਕਾਰ ਕਰ ਲੈਣ। ਸਰਮਾਏਦਾਰੀ ਦਾ ਇੱਕ ਹੀ ਮੰਤਰ ਰਿਹਾ ਹੈ ਕਿ ਪ੍ਰਤਿਯੋਗਤਾਵਾਦੀ ਬਜ਼ਾਰ ਅੰਦਰ ਮੁਨਾਫਿਆਂ ਅਤੇ ਉਤਪਾਦਕਤਾ ਨੂੰ ਵਧਾਉਣ ਲਈ, ਅਤੇ ਏਥੋਂ ਤਕ ਕਿ ਕਾਰੋਬਾਰਾਂ ਨੂੰ ਚਾਲੂ ਰੱਖ ਸਕਣ ਲਈ ਵੀ, ਮਜਦੂਰਾਂ ਦੇ ਮਿਆਰਾਂ ਨੂੰ ਨੀਵੇਂ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਜਿਨ੍ਹਾਂ ਕੰਪਨੀਆਂ ਦਾ ਨਿੱਜੀਕਰਣ ਕੀਤਾ ਜਾ ਰਿਹਾ ਹੈ ਜਾਂ ਬੰਦ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਕੰਪਨੀਆਂ ਦੇ ਮਜਦੂਰਾਂ ਨੂੰ ਕਿਹਾ ਜਾ ਰਿਹਾ ਹੈ ਕਿ ਅਗਰ ਉਨ੍ਹਾਂ ਨੂੰ ਨੌਕਰੀ ਬਦਲੇ ਮੁਆਵਜ਼ੇ ਦੇ ਤੌਰ ਤੇ ਕੁਛ ਪੈਸੇ ਮਿਲ ਰਹੇ ਹਨ ਤਾਂ ਉਹ ਖੁਦ ਨੂੰ ਖੁਸ਼ਕਿਸਮਤ ਸਮਝਣ।

ਸਰਮਾਏਦਾਰੀ ਅਤੇ ਉਸਦੇ ਵਿਦਵਾਨ ਕਹਿ ਰਹੇ ਹਨ ਕਿ ਮੌਜੂਦਾ ਲੇਬਰ ਕਨੂੰਨ, ਰਜਿਸਟਰਡ ਇਕਾਈਆਂ ਦੇ ਮਜਦੂਰਾਂ ਨੂੰ "ਬਹੁਤ ਫਾਲਤੂ" ਸੁਰੱਖਿਆ ਦਿੰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਮਜਦੂਰਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਨੂੰ ਘੱਟ ਕਰਨ ਨਾਲ ਵਧੇਰੇ ਪੂੰਜੀ ਨਿਵੇਸ਼ ਆਕਰਸ਼ਤ ਕੀਤਾ ਜਾ ਸਕੇਗਾ। ਅਤੇ ਇਸ ਨਾਲ ਰੋਜ਼ਗਾਰ ਵਧੇਗਾ। ਉਹ ਕਹਿੰਦੇ ਹਨ ਕਿ ਕਿਉਂਕਿ ਬਹੁ-ਗਿਣਤੀ ਮਜਦੂਰ ਗੈਰ-ਰਜਿਸਟਰਡ ਇਕਾਈਆਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਤੇ ਲੇਬਰ ਕਨੂੰਨ ਲਾਗੂ ਹੀ ਨਹੀਂ ਹੁੰਦੇ, ਇਨ੍ਹਾਂ ਮਜਦੂਰਾਂ ਨੂੰ ਸਰਮਾਏਦਾਰਾਂ-ਪੱਖੀ ਸੁਧਾਰਾਂ ਦਾ ਸੁਆਗਤ ਕਰਨਾ ਚਾਹੀਦਾ ਹੈ। ਉਹ ਸਵਾਲ ਖੜਾ ਕਰ ਰਹੇ ਕਿ ਜੋ ਬਹੁ-ਗਿਣਤੀ ਨੂੰ ਨਹੀਂ ਮਿਲਦਾ ਉਹ ਮੁੱਠੀ-ਭਰ ਮਜਦੂਰਾਂ ਨੂੰ ਕਿਉਂ ਮਿਲੇ।

ਇਹ ਇੱਕ ਨਿਰਵਿਵਾਦ ਸੱਚਾਈ ਹੈ ਕਿ ਅੱਜ ਉਦਯੋਗਕ ਵਿਵਾਦ ਕਨੂੰਨ, ਫੈਕਟਰੀ ਐਕਟ, ਟ੍ਰੇਡ ਯੂਨੀਅਨ ਕਨੂੰਨ, ਦੁਕਾਨਾਂ ਅਤੇ ਸੰਸਥਾਵਾਂ ਕਨੂੰਨ, ਆਦਿ ਵਰਗੇ ਕੇਂਦਰੀ ਕਨੂੰਨਾਂ ਦਾ ਫਾਇਦਾ ਸਿਰਫ ਮੁੱਠੀ-ਭਰ ਮਜਦੂਰਾਂ ਨੂੰ ਹੀ ਮਿਲਦਾ ਹੈ, ਐਪਰ ਇਹ ਮੁੱਠੀ-ਭਰ ਵੀ ਲੱਖਾਂ ਦੀ ਗਿਣਤੀ 'ਚ ਮਜਦੂਰ ਹਨ, ਜਿਨ੍ਹਾਂ ਕੋਲ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਦਾ ਅਤੇ ਕਨੂੰਨੀ ਵਸੀਲਿਆਂ ਦੀ ਵਰਤੋਂ ਕਰਨ ਦਾ ਲੰਬਾ ਅਨੁਭਵ ਹੈ। ਇਹ ਮਜਦੂਰ ਜਮਾਤ ਦਾ ਸੱਭ ਤੋਂ ਮੋਹਰੀ ਦਸਤਾ ਹੈ, ਜੋ ਬਾਕੀ ਮਜਦੂਰਾਂ ਨੂੰ ਯੂਨੀਅਨਾਂ ਬਣਾਉਣ ਅਤੇ ਅੰਤਾਂ ਦੀ ਲੁੱਟ ਦਾ ਵਿਰੋਧ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ।

ਪਬਲਿਕ ਸੈਕਟਰ ਦੇ ਉਦਯੋਗਾਂ ਦੇ ਮਜਦੂਰਾਂ ਵਰਗੇ ਸੱਭ ਤੋਂ ਵੱਧ ਸੰਗਠਿਤ ਮਜਦੂਰਾਂ ਦੇ ਅਧਿਕਾਰਾਂ ਉੱਤੇ ਹਮਲਾ ਕਰਕੇ, ਮਨਮੋਹਣ ਸਿੰਘ ਸਰਕਾਰ ਮਜਦੂਰ ਜਮਾਤ ਦੇ ਸੱਭ ਤਬਕਿਆਂ ਦੀ ਲੁੱਟ-ਖਸੁੱਟ ਦੀ ਤੀਬਰਤਾ ਨੂੰ ਵਧਾਉਣਾ ਚਾਹੁੰਦੀ ਹੈ

ਹੁਣ ਤਕ ਸਰਮਾਏਦਾਰੀ, ਮੁੱਖ ਕੇਂਦਰੀ ਲੇਬਰ ਕਨੂੰਨ ਨੂੰ ਬਦਲੇ ਬਗੈਰ ਕੰਮ ਚਲਾਉਂਦੀ ਰਹੀ ਹੈ। ਕਿਤੇ-ਕਿਤੇ ਉਨ੍ਹਾਂ ਨੇ ਲੁੱਟ-ਖਸੁੱਟ ਨੂੰ ਵਧਾਉਣ ਲਈ, ਸੂਬਿਆਂ ਦੀਆਂ ਸਰਕਾਰਾਂ ਨੂੰ ਆਪਣੇ ਕਨੂੰਨ ਬਦਲਣ ਲਈ ਮਜਬੂਰ ਕੀਤਾ ਹੈ। ਮਿਸਾਲ ਦੇ ਤੌਰ ਤੇ ਕਈ ਸੂਬਾਈ ਸਰਕਾਰਾਂ ਨੇ ਰਾਤ ਦੀ ਪਾਲੀ (ਨਾਈਟ ਸ਼ਿਫਟ) ਵਿੱਚ ਔਰਤਾਂ ਤੋਂ ਕੰਮ ਕਰਵਾਉਣ ਲਈ ਆਪਣੇ ਕਨੂੰਨਾਂ 'ਚ ਸੋਧਾਂ ਕੀਤੀਆਂ ਹਨ।

ਸਰਮਾਏਦਾਰਾਂ ਦੀ ਸੋਚ ਹੈ ਕਿ ਵਕਤ ਆ ਗਿਆ ਹੈ ਕਿ ਹੁਣ ਕੇਂਦਰੀ ਕਨੂੰਨਾਂ ਨੂੰ ਵੀ ਬਦਲਿਆ ਜਾਵੇ। ਉਹ ਅਜੇਹਾ ਕਰਕੇ ਕਈ ਉਦੇਸ਼ ਹਾਸਲ ਕਰਨਾ ਚਾਹੁੰਦੇ ਹਨ। ਇਨ੍ਹਾਂ ਚੋਂ ਇੱਕ ਉਦੇਸ਼ ਇੱਕ ਨਵਾਂ ਮਾਪਦੰਡ ਤੈਅ ਕਰਨ ਦਾ ਉਦੇਸ਼ ਹੈ ਤਾਂਕਿ ਲੁੱਟ-ਖਸੁੱਟ ਅਤੇ ਸਰਮਾਏਦਾਰਾ ਮੁਨਾਫੇ ਦੀ ਦਰ ਨੂੰ ਹੋਰ ਵਧਾਇਆ ਜਾ ਸਕੇ। ਇੱਕ ਹੋਰ ਉਦੇਸ਼ ਹੈ ਅੰਤਾਂ ਦੀ ਪੂੰਜੀਵਾਦੀ ਲੁੱਟ ਨੂੰ ਵਿਸਤ੍ਰਿਤ ਬਨਾਉਣ ਦਾ ਕਨੂੰਨੀ ਢਾਂਚਾ ਖੜਾ ਕਰਨਾ ਤਾਂਕਿ ਵਿਦੇਸ਼ੀ ਕੰਪਣੀਆਂ ਨੂੰ ਗੈਰ-ਕਨੂੰਨੀ ਵਸੀਲਿਆਂ ਦਾ ਸਹਾਰਾ ਨਾ ਲੈਣਾ ਪਵੇ, ਅਫਸਰਾਂ ਅਤੇ ਇਨਸਪੈਕਟਰਾਂ ਨੂੰ ਰਿਸ਼ਵਤਾਂ ਨਾ ਦੇਣੀਆਂ ਪੈਣ।

ਸਰਮਾਏਦਾਰੀ ਦੀਆਂ ਦਲੀਲਾਂ ਅਤੇ ਪ੍ਰਾਪੇਗੰਡੇ ਦਾ ਉਦੇਸ਼ ਮਜਦੂਰ ਜਮਾਤ ਨੂੰ ਅਣਗਿਣਤ ਵੱਖ-ਵੱਖ ਧੜਿਆਂ 'ਚ ਵੰਡਣਾ, ਜਿਵੇਂ ਕਿ ਸੰਗਠਿਤ ਅਤੇ ਗੈਰ-ਸੰਗਠਿਤ, ਰਜਿਸਟਰਡ ਅਤੇ ਗੈਰ-ਰਜਿਸਟਰਡ ਅਤੇ ਮੁਨਾਫੇ ਕਮਾ ਰਹੀਆਂ ਅਤੇ ਘਾਟੇ 'ਚ ਜਾ ਰਹੀਆਂ ਕੰਪਣੀਆਂ ਦੇ ਮਜਦੂਰ, ਆਦਿ। ਸਰਮਾਏਦਾਰ, ਮਜਦੂਰਾਂ ਦੇ ਇੱਕ-ਇੱਕ ਤਬਕੇ ਨੂੰ ਇਕੱਲਾ ਕਰਕੇ, ਉਨ੍ਹਾਂ ਦੇ ਅਧਿਕਾਰਾਂ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਮਜਦੂਰਾਂ ਨੂੰ ਸਰਮਾਏਦਾਰੀ ਦੀ ਇਸ ਚਾਲ ਤੋਂ ਬਚਣਾ ਚਾਹੀਦਾ ਹੈ। ਮਜਦੂਰ ਜਮਾਤ ਦੇ ਕਿਸੇ ਵੀ ਇੱਕ ਹਿੱਸੇ ਉੱਤੇ ਹਮਲੇ ਨੂੰ ਸਮੁੱਚੀ ਮਜਦੂਰ ਜਮਾਤ ਉੱਤੇ ਹਮਲਾ ਸਮਝਣਾ ਚਾਹੀਦਾ ਹੈ। ਸੱਭ ਤੋਂ ਮੋਹਰੀ ਤਬਕੇ ਦੇ ਮਿਆਰ ਨੂੰ ਨੀਵਾਂ ਕਰਨ ਦਾ ਉਦੇਸ਼, ਸਮੁੱਚੀ ਮਜਦੂਰ ਜਮਾਤ ਦੇ ਮਿਆਰ ਨੂੰ ਨੀਵਾਂ ਕਰਨਾ ਹੈ।

## ਮਜਦੂਰ ਜਮਾਤ ਦਾ ਜਵਾਬ

ਮਜਦੂਰ ਯੂਨੀਅਨਾਂ ਦੇ ਬਹੁਤ ਸਾਰੇ ਆਗੂ ਅਤੇ ਕਾਰਕੁਨ, ਹੁਣ ਬੀਤੇ ਦੀਆਂ ਕਮਜ਼ੋਰੀਆਂ ਉੱਤੇ ਕਾਬੂ ਪਾਉਣ ਦੀ ਜਰੂਰਤ ਨੂੰ ਸਮਝਣ ਲੱਗ ਪਏ ਹਨ। ਅੱਜ ਸਰਮਾਏਦਾਰੀ ਦੇ ਹਮਲੇ ਦਾ ਅਸਰਦਾਰ ਤਰੀਕੇ ਨਾਲ ਟਾਕਰਾ ਕਰਨ ਲਈ ਇਹ ਨਹਾਇਤ ਜਰੂਰੀ ਹੋ ਗਿਆ ਹੈ ਕਿ ਮਜਦੂਰ ਜਮਾਤ ਅੰਦੋਲਨ ਦੀਆਂ ਮਜਬੂਤੀਆਂ ਅਤੇ ਕਮਜ਼ੋਰੀਆਂ ਬਾਰੇ ਖੁੱਲ੍ਹ ਕੇ ਅਤੇ ਸਾਫ-ਸਾਫ ਚਰਚਾ ਕੀਤੀ ਜਾਵੇ।

ਬਹੁਤ ਸਾਰੀਆਂ ਹਾਂ-ਪੱਖੀ ਅਤੇ ਨਾਂਹ-ਪੱਖੀ ਉਦਾਹਰਣਾਂ ਹਨ, ਜਿਨ੍ਹਾਂ ਦਾ ਮੁਲੰਕਣ ਕਰਨ ਅਤੇ ਉਨ੍ਹਾਂ ਤੋਂ ਢੁੱਕਵੇਂ ਸਬਕ ਸਿੱਖਣ ਦੀ ਲੋੜ ਹੈ। ਜਦ ਵਾਜਪਈ ਦੀ ਰਾਜਗ (ਐਨ.ਡੀ.ਏ.) ਸਰਕਾਰ ਨੇ ਜਨਵਰੀ 2000 ਵਿੱਚ ਸੁਧਾਰਾਂ ਦਾ ਦੂਸਰਾ ਦੌਰ ਸ਼ੁਰੂ ਕਰਦਿਆਂ, ਮਾਡਰਨ ਫੂਡ ਇੰਡਸਟਰੀਜ਼ ਲਿਮਟਿਡ ਨੂੰ ਵੇਚ ਦਿੱਤਾ ਸੀ, ਤਾਂ ਇਸ ਕੰਪਨੀ ਦੇ ਮਜਦੂਰਾਂ ਨੇ ਇੱਕ ਲੰਬਾ ਅਤੇ ਦਲੇਰਾਨਾ ਸੰਘਰਸ਼ ਲੜਿਆ। ਉਨ੍ਹਾਂ ਨੇ, ਕਨੂੰਨੀ ਵਸੀਲਿਆਂ ਰਾਹੀਂ ਅਤੇ ਸੜਕਾਂ ਤੇ ਉੱਤਰਕੇ, ਕੇਂਦਰੀ ਸਰਕਾਰ ਦੇ ਇੱਕ ਸਰਕਾਰੀ ਕੰਪਣੀ ਨੂੰ ਨਿੱਜੀ ਹੱਥਾਂ 'ਚ ਵੇਚਣ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ। ਉਨ੍ਹਾਂ ਦੀ ਉਦਾਹਰਣ ਨੇ ਹੋਰ ਬਹੁਤ ਸਾਰੀਆਂ ਸਰਕਾਰੀ ਕੰਪਣੀਆਂ ਦੇ ਮਜਦੂਰਾਂ ਨੂੰ ਨਿੱਜੀਕਰਣ ਖਿਲਾਫ ਲੜਨ ਲਈ ਉਤਸ਼ਾਹਤ ਅਤੇ ਪ੍ਰੇਰਿਤ ਕੀਤਾ, ਜਿਵੇਂ ਕਿ ਬਾਲਕੋ, ਨਾਲਕੋ ਅਤੇ ਕਈ ਹੋਰ ਸਰਕਾਰੀ ਕੰਪਣੀਆਂ ਦੇ ਮਜਦੂਰ।

ਦੂਸਰੀ ਤਰਫ਼, ਮਜਦੂਰ ਜਮਾਤ ਨੂੰ ਨੁਕਸਾਨ ਵੀ ਝੱਲਣਾ ਪਿਆ ਹੈ, ਕਿਉਂਕਿ ਉਹਦੇ ਸੰਘਰਸ਼ ਨੂੰ ਇਸ ਜਾਂ ਉਸ ਪਾਰਟੀ ਦੇ ਪਾਰਲੀਮਾਨੀ ਦੇਅ-ਪੇਚਾਂ ਦੇ ਇੱਕ ਤੰਗ-ਨਜ਼ਰੀਏ ਵਾਲੇ ਏਜੰਡੇ ਦੀ ਸੇਵਾ ਲਈ ਵਰਤਿਆ ਗਿਆ ਸੀ। ਮਾਰਚ 2004 ਵਿੱਚ, ਆਪਣੇ ਹੜਤਾਲ ਕਰਨ ਦੇ ਅਧਿਕਾਰ ਦੀ ਰਖਵਾਲੀ ਲਈ ਕੀਤੀ ਗਈ ਦੇਸ਼-ਭਰ ਦੇ ਪਬਲਿਕ ਸੈਕਟਰ ਮਜਦੂਰਾਂ ਦੀ ਹੜਤਾਲ ਨੇ, ਮਜਦੂਰ ਜਮਾਤ ਦੇ ਸੰਗਰਾਮੀ ਰੌਂਅ ਦਾ ਪ੍ਰਗਟਾਵਾ ਕੀਤਾ ਸੀ। ਲੇਕਿਨ ਇਹਨੂੰ ਇੱਕਜੁਟ ਸੰਘਰਸ਼ ਦੇ ਰਸਤੇ ਉੱਤੇ ਅੱਗੇ ਵਧਾਉਣ ਦੀ ਵਜਾਇ, ਮਾਕਪਾ ਅਤੇ ਕੁਛ ਹੋਰ ਪਾਰਟੀਆਂ ਨੇ ਇੱਕ ਅਲੱਗ ਹੀ ਏਜੰਡਾ ਥੋਪ ਦਿੱਤਾ। ਇਨ੍ਹਾਂ ਪਾਰਟੀਆਂ ਨੇ ਭਾਜਪਾ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੇ ਨਾਂ ਹੇਠ, ਉਸ ਸਾਲ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨਾਲ ਏਕਤਾ ਕਰ ਲਈ। ਇਸ ਨਾਲ ਮਜਦੂਰ ਗੁਮਰਾਹ ਹੋਏ ਅਤੇ

ਪੂੰਜੀਵਾਦੀ ਸੁਧਾਰ ਪ੍ਰੋਗਰਾਮ ਦੇ ਖਿਲਾਫ ਮਜਦੂਰਾਂ ਦੇ ਗੁੱਸੇ ਨੂੰ ਠੰਡਾ ਅਤੇ ਉਨ੍ਹਾਂ ਦੇ ਏਕਤਾਬਧ ਸੰਘਰਸ਼ ਕਮਜ਼ੋਰ ਕਰ ਦਿੱਤਾ ਗਿਆ।

ਬੀਤੇ ਤੇ ਝਾਤ ਮਾਰਦਿਆਂ, ਇਹ ਮੰਨਣਾ ਪਏਗਾ ਕਿ 2004-09 ਦੇ ਅਰਸੇ 'ਚ, ਪਹਿਲੀ ਮਨਮੋਹਣ ਸਿੰਘ ਸਰਕਾਰ ਵਿੱਚ ਸੀ.ਪੀ.ਐਮ. ਅਤੇ ਸੀ.ਪੀ.ਆਈ. ਦੀ ਸ਼ਮੂਲੀਅਤ ਨੇ ਪੂੰਜੀਵਾਦੀ ਹਮਲੇ ਦੇ ਖਿਲਾਫ ਮਜਦੂਰਾਂ ਦੇ ਸੰਘਰਸ਼ ਨੂੰ ਮਜਬੂਤ ਨਹੀਂ ਬਲਕਿ ਕਮਜ਼ੋਰ ਕੀਤਾ। ਕਿਉਂਕਿ ਇਸ ਨਾਲ ਕਈ ਖਤਰਨਾਕ ਭਰਮ ਫੈਲ ਗਏ, ਜਿਵੇਂ ਕਿ ਪੂੰਜੀਵਾਦੀ ਸੁਧਾਰ "ਮਾਨਵੀ ਚੇਹਰੇ" ਨਾਲ ਲਾਗੂ ਕੀਤੇ ਜਾ ਸਕਦੇ ਹਨ, ਅਤੇ ਕਿ ਸਰਮਾਏਦਾਰ ਜਮਾਤ ਅਤੇ ਮਜਦੂਰ ਜਮਾਤ ਦਾ ਇੱਕ "ਸਾਂਝਾ ਨਿਊਨਤਮ ਪ੍ਰੋਗਰਾਮ" ਹੋ ਸਕਦਾ ਹੈ, ਆਦਿ।

ਟਰੇਡ ਯੂਨੀਅਨਾਂ ਨੂੰ, ਵੱਖ-ਵੱਖ ਪਾਰਟੀਆਂ ਦੀਆਂ ਪਾਰਲੀਮਾਨੀ ਪੈਂਤੜੇਬਾਜ਼ੀਆਂ ਦੇ ਮਾਤਹਿਤ ਬਣਾਉਣ ਨਾਲ ਮਜਦੂਰ ਜਮਾਤ ਦੇ ਲਕਸ਼ ਨੂੰ ਭਾਰੀ ਨੁਕਸਾਨ ਹੋਇਆ ਹੈ। ਮਜਦੂਰਾਂ ਦੇ ਸੰਘਰਸ਼ ਨੂੰ ਅਗਵਾਈ ਦੇਣ ਵਾਲੀ ਪਾਰਟੀ ਸੱਤਾਧਾਰੀ ਪਾਰਟੀ ਦੀ ਸਹਿਯੋਗੀ ਹੈ ਜਾਂ ਵਿਰੋਧੀ ਹੈ, ਉਸੇ ਅਨੁਸਾਰ ਸੰਘਰਸ਼ ਨੂੰ ਅਕਸਰ ਠੰਡਾ ਜਾਂ ਗਰਮ ਕੀਤਾ ਜਾਂਦਾ ਰਿਹਾ ਹੈ।

ਬੀਤੇ ਸਮੇਂ ਦੇ ਨਾਂ-ਪੱਖੀ ਅਨੁਭਵ ਤੋਂ ਇੱਕ ਮਹੱਤਵਪੂਰਨ ਸਬਕ ਇਹ ਮਿਲਦਾ ਹੈ ਕਿ ਮਜਦੂਰ ਜਮਾਤ ਦੇ ਸੰਘਰਸ਼ ਦਾ ਨਿਸ਼ਾਨਾ ਸਰਮਾਏਦਾਰ ਜਮਾਤ ਨੂੰ ਬਣਾਉਣਾ ਚਾਹੀਦਾ ਹੈ, ਜੋ ਕਿ ਇਹਦਾ ਮੁੱਖ ਦੁਸ਼ਮਣ ਹੈ। ਸਰਮਾਏਦਾਰ ਜਮਾਤ ਅਤੇ ਉਹਦੇ ਹਮਲੇ ਦੇ ਖਿਲਾਫ ਸੰਘਰਸ਼ ਬਿਨ-ਸਮਝੌਤਾ ਜਾਰੀ ਰੱਖਿਆ ਜਾਣਾ ਚਾਹੀਦਾ ਹੈ, ਚਾਹੇ ਕੇਂਦਰ ਜਾਂ ਕਿਸੇ ਸੂਬੇ ਅੰਦਰ ਜਿਹੜੀ ਮਰਜ਼ੀ ਪਾਰਟੀ ਦੀ ਸਰਕਾਰ ਹੋਵੇ।

ਮਜਦੂਰਾਂ ਦੇ ਅਧਿਕਾਰਾਂ ਦੀ ਹਿਫਾਜ਼ਤ ਕਰਨ ਅਤੇ ਇਨ੍ਹਾਂ ਅਧਿਕਾਰਾਂ ਨੂੰ ਹੋਰ ਵਧੇਰੇ ਵਿਸਤ੍ਰਿਤ ਬਨਾਉਣ ਦਾ ਫੌਰੀ ਸੰਘਰਸ਼, ਸਰਮਾਏਦਾਰ ਜਮਾਤ ਨੂੰ ਹਰਾਉਣ ਅਤੇ ਸੱਤਾ ਤੋਂ ਬੇਦਖਲ ਕਰਨ ਦੇ ਰਣਨੀਤਕ ਲਕਸ਼ ਵੱਲ ਅੱਗੇ ਵਧਣ ਦੇ ਉਦੇਸ਼ ਨਾਲ ਲੜਿਆ ਜਾਣਾ ਚਾਹੀਦਾ ਹੈ। ਸਿਰਫ ਇੱਕ ਏਕਤਾਬਧ ਕਮਿਉਨਿਸਟ ਅੰਦੋਲਨ ਦੀ ਅਗਵਾਈ ਵਿੱਚ ਏਕਤਾਬਧ ਮਜਦੂਰ ਜਮਾਤ ਹੀ, ਕਿਸਾਨੀ ਅਤੇ ਸਮਾਜ ਦੇ ਸੱਭ ਦੱਬੇ-ਕੁਚਲੇ ਤਬਕਿਆਂ ਨਾਲ ਗਠਜੋੜ ਬਣਾ ਕੇ, ਸਰਮਾਏਦਾਰਾਂ ਦੀ ਹਕੂਮਤ ਦਾ ਤਖਤਾ ਉਲਟਾਉਣ, ਪੂੰਜੀਵਾਦ ਨੂੰ ਦਫਨਾਉਣ ਅਤੇ ਸਮਾਜਵਾਦ ਸਥਾਪਤ ਕਰਨ ਦਾ ਕਾਰਜ ਨੇਪਰੇ ਚਾੜ੍ਹ ਸਕਦੀ ਹੈ।

ਸਮਾਜਵਾਦ ਇੱਕ ਐਸੀ ਵਿਵਸਥਾ ਹੈ ਜੋ ਇਨਸਾਨ ਹੱਥੋਂ ਇਨਸਾਨ ਦੀ ਹਰ ਤਰ੍ਹਾਂ ਦੀ ਲੁੱਟ-ਖਸੁੱਟ ਖਤਮ ਕਰਕੇ, ਸਮਾਜ ਦੇ ਸੱਭ ਮੈਂਬਰਾਂ ਨੂੰ ਸੁੱਖ ਅਤੇ ਸੁਰੱਖਿਆ ਪ੍ਰਦਾਨ ਕਰੇਗੀ। ਇਸ ਵਿਵਸਥਾ ਅੰਦਰ ਮਿਹਨਤਕਸ਼ ਲੋਕ ਜੋ ਵੀ ਉਤਪਾਦਨ ਕਰਦੇ ਹਨ, ਉਸ ਉੱਤੇ ਸੱਭ ਤੋਂ ਪਹਿਲਾ ਅਧਿਕਾਰ ਉਨ੍ਹਾਂ ਦਾ ਹੀ ਹੋਵੇਗਾ; ਉਹੋ ਹੀ ਇਹ ਫੈਸਲਾ ਕਰਨਗੇ ਕਿ ਸਮਾਜ ਦੀਆਂ ਜਰੂਰਤਾਂ ਉੱਤੇ ਲੋੜੀਂਦਾ ਖਰਚ ਅਤੇ ਭਵਿੱਖ ਲਈ ਨਿਵੇਸ਼ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਆਮਦਨਾਂ ਵਿੱਚ ਕਿੰਨਾ ਵਾਧਾ ਕੀਤਾ ਜਾ ਸਕਦਾ ਹੈ। ਸਮਾਜ ਦੀ ਬਹੁ-ਗਿਣਤੀ ਦੀ ਕਮਾਈ ਤੇ ਪਲਣ ਵਾਲੇ ਪਰਜੀਵੀਆਂ ਲਈ ਇਸ ਅੰਦਰ ਕੋਈ ਜਗ੍ਹਾ ਨਹੀਂ ਹੋਵੇਗੀ। ਇਹ ਵਿਵਸਥਾ ਯਕੀਨੀ ਬਣਾਏਗੀ ਕਿ ਮਿਹਨਤ ਕਰਨ ਵਾਲੇ ਸਭਨਾਂ ਦੇ ਅਧਿਕਾਰ ਸਰਵ-ਵਿਆਪੀ ਹੋਣ, ਕਨੂੰਨੀ ਤੌਰ ਤੇ ਨਾ-ਉਲੰਘਣਯੋਗ ਹੋਣ ਅਤੇ ਅਮਲ ਵਿੱਚ ਗਰੰਟੀ ਨਾਲ ਲਾਗੂ ਕੀਤੇ ਜਾਣ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਸੱਭ ਕਮਿਉਨਿਸਟਾਂ ਅਤੇ ਟਰੇਡ ਯੂਨੀਅਨ ਕਾਰਕੁਨਾ ਨੂੰ ਪੁਕਾਰ ਕਰਦੀ ਹੈ ਕਿ ਬੀਤੇ ਤੋਂ ਸਬਕਾਂ ਨੂੰ ਸਿੱਖੋ, ਅਤੇ ਸਰਮਾਏਦਾਰੀ ਦੇ ਅਤੇ ਮਨਮੋਹਣ ਸਿੰਘ ਸਰਕਾਰ ਦੇ ਮਜਦੂਰ-ਵਿਰੋਧੀ ਹਮਲੇ ਵਿਰੁੱਧ ਕਰੜਾਈ ਨਾਲ ਇਕੱਜੁੱਟ ਹੋਵੋ! 'ਇੱਕ ਉਤੇ ਹਮਲਾ, ਸੱਭ ਉੱਤੇ ਹਮਲਾ ਹੈ' ਦੇ ਅਸੂਲ ਦੇ ਅਧਾਰ ਤੇ, ਆਓ ਮਜਦੂਰਾਂ ਦੇ ਸੱਭ ਤਬਕਿਆਂ ਦੇ ਅਧਿਕਾਰਾਂ ਦੀ ਹਿਫਾਜ਼ਤ ਕਰੀਏ! ■

# ਪਬਲਿਕ ਸੈਕਟਰ ਅਦਾਰਿਆਂ ਦੇ ਮਜਦੂਰ ਆਪਣੀ ਏਕਤਾ ਅਤੇ ਰੋਜ਼ੀ-ਰੋਟੀ ਉੱਤੇ ਸਰਕਾਰ ਦੇ ਹਮਲਿਆਂ ਦਾ ਮੁਕਾਬਲਾ ਕਰ ਰਹੇ ਹਨ

ਹਿੰਦੋਸਤਾਨ ਦੇ ਕੇਂਦਰੀ ਪਬਲਿਕ ਸੈਕਟਰ ਅਦਾਰਿਆਂ ਦੇ ਮਜਦੂਰ ਆਪਣੀ ਏਕਤਾ ਅਤੇ ਰੋਜੀ-ਰੋਟੀ ਉੱਤੇ ਸਰਕਾਰ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਕਮਰ-ਕੱਸੇ ਕਰ ਰਹੇ ਹਨ।

ਇਹ ਹਮਲੇ ਤਨਖਾਹ ਬਾਰੇ ਚਲ ਰਹੀ 7ਵੇਂ ਦੌਰ ਦੀ ਵਾਰਤਾ ਦੁਰਾਨ ਕੀਤੇ ਜਾ ਰਹੇ ਹਨ। ਸਰਕਾਰ ਕੇਂਦਰੀ ਪਬਲਿਕ ਸੈਕਟਰ ਕੰਪਣੀਆਂ ਦੇ ਅਫਸਰਾਂ ਲਈ ਬਿਠਾਈ ਗਈ ਦੂਸਰੀ ਤਨਖਾਹ ਸੋਧ ਕਮੇਟੀ (ਜਸਟਿਸ ਰਾਓ ਕਮੇਟੀ) ਦੀਆਂ ਸਿਫਾਰਸਾਂ ਨੂੰ, ਮਜਦੂਰਾਂ ਉੱਤੇ ਵੀ ਲਾਗੂ ਕਰਨ ਦੇ ਯਤਨ ਕਰ ਰਹੀ ਹੈ। ਕੇਂਦਰੀ ਪਬਲਿਕ ਸੈਕਟਰ ਕੰਪਣੀਆਂ ਦੀਆਂ ਯੂਨੀਅਨਾਂ ਸਮਝ ਗਈਆਂ ਹਨ, ਕਿ ਸਰਕਾਰ ਚੱਲ ਰਹੀ ਤਨਖਾਹ ਵਾਰਤਾ ਦੁਰਾਨ, ਇਨ੍ਹਾਂ ਸਿਫਾਰਸ਼ ਨੂੰ ਸਾਰੇ ਕਾਮਿਆਂ ਉੱਤੇ ਲਾਗੂ ਕਰਨ ਲਈ ਪੂਰੀ ਵਾਹ ਲਾਏਗੀ।

## ਰਾਓ ਕਮੇਟੀ ਰਿਪ੍ਰੋਟ ਦੀਆਂ ਕੁੱਝ ਵਿਸ਼ੇਸ਼ ਖਾਸੀਅਤਾਂ

ਰਾਓ ਕਮੇਟੀ ਦੀਆਂ ਸਿਫਾਰਸ਼ਾਂ ਦੀ ਇੱਕ ਮੁੱਖ ਖਾਸੀਅਤ ਇਹ ਹੈ ਕਿ ਇਸ ਨੇ ਕੇਂਦਰੀ ਪਬਲਿਕ ਸੈਕਟਰ ਅਦਾਰਿਆਂ ਨੂੰ ਪੰਜ ਸ਼੍ਰੇਣੀਆਂ ਵਿੱਚ ਵੰਡ ਦਿੱਤਾ ਹੈ: ਏ+ (11 ਕੰਪਣੀਆਂ), ਏ (45 ਕੰਪਣੀਆਂ), ਬੀ (51 ਕੰਪਣੀਆਂ), ਸੀ (52 ਕੰਪਣੀਆਂ), ਡੀ (57 ਕੰਪਣੀਆਂ)। ਕਮੇਟੀ ਦੇ ਮੁਤਾਬਿਕ "ਆਮਦਨੀ ਪੱਧਰ, ਕਾਮਿਆਂ ਦੀਆਂ ਸੰਖਿਆ ਅਤੇ ਕੰਪਣੀਆਂ ਦੇ ਕਾਰੋਬਾਰ ਦੇ ਭੁਗੋਲਕ ਪਸਾਰੇ ਅਧਾਰਤ ਇਸ ਸ਼੍ਰੇਣੀਕਰਣ ਨੂੰ, ਤਨਖਾਹ ਦੇ ਪੱਕੇ (ਸਥਾਈ) ਅੰਸ਼ (ਹਿੱਸੇ) ਨੂੰ ਨਿਰਧਾਰਤ ਕਰਨ ਲਈ ਇਸਤੇਮਾਲ ਕਰਨ ਦੀ ਤਜਵੀਜ਼ ਰੱਖੀ ਜਾ ਰਹੀ ਹੈ, ਜਦਕਿ (ਇਨ੍ਹਾਂ) ਕੰਪਣੀਆਂ ਵਿੱਚ ਤਨਖਾਹ ਦਾ ਬਦਲਣਹਾਰ ਅੰਸ਼ (ਹਿੱਸਾ) ਨਿਰਧਾਰਤ ਕਰਨ ਵਿੱਚ ਕੁਸ਼ਲਤਾ, ਉਤਪਾਦਕਤਾ ਅਤੇ ਲਾਭਦਾਇਕਤਾ ਨੂੰ ਮੁੱਖ ਅਧਾਰ ਬਣਾਇਆ ਜਾਣਾ ਚਾਹੀਦਾ ਹੈ।"

ਇਹ ਸ਼੍ਰੇਣੀਕਰਣ ਪੂਰੀ ਤਰ੍ਹਾਂ ਮਜਦੂਰ-ਵਿਰੋਧੀ ਹੈ। ਮਜਦੂਰ ਨੂੰ ਕਿਸੇ ਖਾਸ ਯੋਗਤਾ ਪੱਧਰ ਦੀ ਕ੍ਰਿਤ-ਸ਼ਕਤੀ ਦੇ ਮੁੱਲ ਮੁਤਾਬਕ ਤਨਖਾਹ ਮਿਲਣੀ ਚਾਹੀਦੀ ਹੈ, ਜਾਂ ਸਰਲ ਭਾਸ਼ਾ ਵਿੱਚ, ਉਸ ਮਜਦੂਰ ਨੂੰ ਪ੍ਰਤੀਦਿਨ ਕੰਮ ਕਰਨ ਦੀ ਅਵਸਥਾ ਵਿੱਚ ਫਿਰ ਤੋਂ ਤਿਆਰ ਕਰਨ ਲਈ ਜੋ ਜਰੂਰਤ ਹੈ, ਉਸ ਮੁਤਾਬਕ ਤਨਖਾਹ ਮਿਲਣੀ

ਚਾਹੀਦੀ ਹੈ। ਤਨਖਾਹ ਨਿਰਧਾਰਤ ਕਰਨ ਵਿੱਚ ਕੰਪਣੀ ਬੜੀ ਹੈ ਜਾਂ ਛੋਟੀ, ਉਹਦੇ 'ਚ ਮਜਦੂਰਾਂ ਦੀ ਸੰਖਿਆ, ਜਾਂ ਉਹਦੇ ਭੁਗੋਲਕ ਪਸਾਰ, ਆਦਿ ਦਾ ਸਵਾਲ ਕਿਓਂ ਉਠਾਇਆ ਜਾ ਰਿਹਾ ਹੈ। ਤਨਖਾਹਾਂ ਨੂੰ ਮੁਨਾਫਾਦਾਰੀ ਨਾਲ ਕਿਓਂ ਜੋੜਿਆ ਜਾਵੇ। ਇਸ ਸ਼੍ਰੇਣੀਕਰਣ ਦੇ ਦੋ ਉਦੇਸ਼ ਹਨ: ਇੱਕ, ਕੇਂਦਰੀ ਪਬਲਿਕ ਸੈਕਟਰ ਕੰਪਣੀਆਂ ਦੇ ਕਾਮਿਆਂ ਦੀ ਏਕਤਾ ਨੂੰ ਤੋੜਨਾ; ਅਤੇ ਦੂਸਰਾ ਅਤੇ ਮੁੱਖ ਉਦੇਸ਼ ਕਾਮਿਆਂ ਦੀਆਂ ਤਨਖਾਹਾਂ ਨੂੰ ਨੀਚੇ ਵੱਲ ਧੱਕਣਾ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਨੂੰ ਤੇਜ਼ ਕਰਨਾ ਹੈ।

ਇੱਕ ਹੀ ਉਦਯੋਗਕ ਖੇਤਰ ਦੀਆਂ ਇੱਕੋ-ਜਿਹੇ ਤਨਖਾਹ ਸਕੇਲਾਂ ਵਾਲੀਆਂ ਕੇਂਦਰੀ ਸਰਕਾਰੀ ਕੰਪਣੀਆਂ ਨੂੰ ਅਲੱਗ-ਅਲੱਗ ਸ਼੍ਰੇਣੀਆਂ 'ਚ ਵੰਡਣ ਅਤੇ ਅੱਡਰੇ ਤਨਖਾਹ-ਸਕੇਲ ਦੇਣ ਦੀ ਤਜ਼ਵੀਜ਼ ਰੱਖੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ ਊਰਜਾ ਖੇਤਰ ਵਿੱਚ ਐਨ.ਟੀ.ਪੀ.ਸੀ., ਐਨ.ਐਚ.ਪੀ.ਸੀ ਅਤੇ ਪਾਵਰਗਰਿਡ 'ਚ ਇੱਕੋ ਤਨਖਾਹ-ਸਕੇਲ ਸਨ। ਪਰ ਨਵੀਂ ਸ਼੍ਰੇਣੀਬੰਦੀ ਵਿੱਚ ਐਨ.ਟੀ.ਪੀ.ਸੀ. "ਏ+" ਸ਼੍ਰੇਣੀ 'ਚ ਹੈ, ਜਦਕਿ ਦੂਸਰੀਆਂ ਦੋਨੋ "ਏ" ਸ਼੍ਰੇਣੀ 'ਚ ਹਨ ਅਤੇ ਉਨ੍ਹਾਂ ਦੇ ਤਨਖਾਹ-ਸਕੇਲ ਨੀਵੇਂ ਹੋਣਗੇ। ਤੇਲ ਖੇਤਰ ਵਿੱਚ ਵੀ ਆਇਲ ਇੰਡੀਆ ਲਿਮਿ:, ਬੋਂਗਾਈਗਾਂਓ ਰੀਫਾਨਰੀ ਐਂਡ ਪੈਟਰੋਕੈਮੀਕਲਜ਼ ਇਮਿ:, ਨੁਮਾਲੀਗੜ੍ਹ ਰਿਫਾਇਨਰੀ ਲਿਮਿ: ਅਤੇ ਚੈਨਈ ਪੈਟਰੋਲੀਅਮ ਕਾਰਪੋਰੇਸ਼ਨ ਲਿਮਿ: ਨੂੰ ਨੀਵੇਂ ਤਨਖਾਹ-ਸਕੇਲਾਂ ਨਾਲ ਨੀਵੀਂਆਂ ਸ਼੍ਰੇਣੀਆਂ 'ਚ ਰੱਖਿਆ ਗਿਆ ਹੈ। ਅਤੇ ਹਿੰਦੋਸਤਾਨ ਏਰੋਨੌਟਿਕਸ ਲਿ:, ਏਅਰ ਇੰਡੀਆ ਲਿ:, ਨਾਲਕੋ, ਬੀ.ਈ.ਐਲ., ਬੀ.ਈ.ਐਮ.ਐਲ., ਕੋਲ ਇੰਡੀਆ ਦੀਆਂ ਸਹਿਯੋਗੀ ਕੰਪਣੀਆਂ (ਐਸ.ਈ.ਸੀ.ਐਲ, ਡਬਲਯੂ.ਸੀ.ਐਲ, ਐਨ.ਸੀ.ਐਲ, ਸੀ.ਸੀ.ਐਲ, ਈ.ਸੀ.ਐਲ, ਐਮ.ਸੀ.ਐਲ, ਬੀ.ਸੀ.ਸੀ.ਐਲ, ਆਦਿ) ਨੂੰ ਨੀਵੀਂ ਸ਼੍ਰੇਣੀ 'ਚ ਰੱਖਿਆ ਗਿਆ ਹੈ।

ਸਲਾਨਾ ਤਨਖਾਹ ਵਾਧਾ: ਦੁਨਿਸਚਤ ਸਲਾਨਾ ਤਨਖਾਹ-ਵਾਧੇ ਦੇ ਵਰਤਮਾਨ ਅਮਲ ਨੂੰ ਪੂਰੀ ਤਰ੍ਹਾਂ ਨਕਾਰਦਿਆਂ, "ਕਮੇਟੀ ਇਹ ਸਿਫਾਰਸ਼ ਕਰਦੀ ਹੈ ਕਿ ਨਿੱਜੀ ਖੇਤਰ ਦੇ ਨਮੂਨੇ ਤੇ ਚਲਦਿਆਂ, ਸਥਾਈ ਸਲਾਨਾ ਤਨਖਾਹ-ਵਾਧੇ ਦੀ ਧਾਰਨਾ ਨੂੰ ਖਤਮ ਕੀਤਾ ਜਾਵੇ ਅਤੇ ਉਹਦੀ ਜਗ੍ਹਾ ਕੰਪਣੀ ਦੀ ਸਮਰੱਥਾ ਅਤੇ ਕਰਮਚਾਰੀ ਦੇ ਕੰਮ ਦੇ ਅਧਾਰ ਤੇ ਮੂਲ ਤਨਖਾਹ ਦੇ 2 ਤੋਂ 4 ਪ੍ਰਤੀਸ਼ਤ ਦਾ ਲਚੀਲਾ ਤਨਖਾਹ-ਵਾਧਾ ਦਿੱਤਾ ਜਾਵੇ"। ਇਸ ਤੋਂ ਇਲਾਵਾ ਪ੍ਰੋਮੋਸ਼ਨਾ ਲਈ ਤਨਖਾਹ 'ਚ ਵਾਧੇ ਦਾ ਫੈਸਲਾ ਵੀ ਮੈਨਿਜਮੈਂਟ ਹੀ ਕਰੇਗੀ। ਇੱਕ ਕੇਂਦਰੀ ਪਬਲਿਕ ਸੈਕਟਰ ਕੰਪਣੀ ਅੰਦਰ ਮੈਨਿਜਮੈਂਟ, ਇਸ ਲਚੀਲੇਪਣ ਨੂੰ ਮਜਦੂਰਾਂ 'ਚ ਵੰਡੀਆਂ ਪਾਉਣ ਲਈ ਵਰਤੇਗੀ, ਅਤੇ ਅਲੱਗ-ਅਲੱਗ ਕੰਪਣੀਆਂ ਦੇ ਮਜਦੂਰਾਂ ਨੂੰ ਵੰਡਣ ਲਈ ਕੇਂਦਰ ਸਰਕਾਰ ਇਸਦਾ ਇਸਤੇਮਾਲ ਕਰੇਗੀ। ਸਮੁੱਚੇ ਤੌਰ ਤੇ ਇਸਨੂੰ ਮਜਦੂਰਾਂ ਦੀ ਲੁੱਟ ਤੇਜ਼ ਕਰਨ ਲਈ ਵਰਤਿਆ ਜਾਵੇਗਾ।

ਇਸਤੋਂ ਇਲਾਵਾ ਇਸ ਕਮੇਟੀ ਨੇ ਜਬਰੀ ਰਿਟਾਇਰਮੈਂਟ ਸਮੇਤ ਕਈ ਹੋਰ ਸਿਫਾਰਸ਼ਾਂ ਵੀ ਕੀਤੀਆਂ ਹਨ ਜਿਨ੍ਹਾਂ ਸੱਭ ਦਾ ਮਿਲਾਕੇ ਇਕੋ ਮਨੋਰਥ ਹੈ: ਮਜਦੂਰਾਂ ਨੂੰ ਆਪ-ਵਿੱਚ ਵੰਡਣਾ, ਉਨ੍ਹਾਂ ਦੀ ਲੁੱਟ ਤੇਜ਼ ਕਰਨਾ ਅਤੇ ਇਨ੍ਹਾਂ ਸਰਕਾਰੀ ਕੰਪਣੀਆਂ ਦੇ ਨਿੱਜੀ ਕਰਣ ਦਾ ਰਸਤਾ ਖੋਹਲਣਾ।

ਕੇਂਦਰੀ ਪਬਲਿਕ ਸੈਕਟਰ ਕੰਪਣੀਆਂ ਦੇ ਮਜਦੂਰ ਇਹ ਚੰਗੀ ਤਰ੍ਹਾਂ ਸਮਝ ਰਹੇ ਹਨ ਕਿ ਸਰਮਾਏਦਾਰ ਅਤੇ ਉਨ੍ਹਾਂ ਦੀ ਸਰਕਾਰ ਮਜਦੂਰਾਂ ਦੀ ਏਕਤਾ ਅਤੇ ਸੰਘਰਸ਼ ਦੀ ਸਮਰੱਥਾ ਨੂੰ ਨਿਸ਼ਾਨਾਂ ਬਣਾ ਰਹੇ ਹਨ। ਉਹ ਪਬਲਿਕ ਸੈਕਟਰ ਦੀਆਂ ਯੂਨੀਅਨਾਂ ਨੂੰ ਬਿਖੇਰਨਾ ਅਤੇ ਕਮਜ਼ੋਰ ਕਰਨਾ ਚਾਹੁੰਦੇ ਹਨ। ਉਨ੍ਹਾਂ ਦਾ ਮਕਸਦ ਮਜਦੂਰਾਂ ਦੀਆਂ ਜੀਵਨ ਅਤੇ ਕੰਮ ਦੀਆਂ ਹਾਲਤਾਂ ਨੂੰ ਥੱਲੇ ਵੱਲ ਧੱਕਣਾ ਹੈ ਤਾਂ ਕਿ ਦੁਨੀਆਂ ਦੇ ਸਰਮਾਏਦਾਰਾਂ ਲਈ, ਹਿੰਦੋਸਤਾਨ ਨੂੰ ਇੱਕ ਅੰਨ੍ਹੇ ਮੁਨਾਫੇ ਬਣਾਉਣ ਵਾਲਾ ਸਵਰਗ ਬਣਾਇਆ ਜਾ ਸਕੇ।

ਲੇਕਿਨ ਪਬਲਿਕ ਸੈਕਟਰ ਦੀਆਂ ਟਰੇਡ ਯੂਨੀਅਨਾਂ ਡਟਕੇ ਇਸ ਹਮਲੇ ਦਾ ਵਿਰੋਧ ਕਰ ਰਹੀਆਂ ਹਨ, ਜੋ ਕਿ ਇੱਕ ਵਧੀਆ ਗੱਲ ਹੈ। ਇਹ ਗੱਲ ਖਾਸ ਤੌਰ ਤੇ ਪ੍ਰਸ਼ੰਸਾ-ਜਨਕ ਹੈ ਕਿ ਇਨ੍ਹਾਂ ਟਰੇਡ ਯੂਨੀਅਨਾਂ ਨੇ ਫੈਸਲਾ ਕੀਤਾ ਹੈ ਕਿ ਕਿਸੇ ਵੀ ਨਵੇਂ ਤਨਖਾਹ ਸਮਝੌਤੇ ਵਿੱਚ ਆਰਜ਼ੀ ਅਤੇ ਠੇਕਾ ਮਜਦੂਰਾਂ ਦੀਆਂ ਮੰਗਾਂ ਨੂੰ ਸ਼ਾਮਲ ਕੀਤਾ ਜਾਵੇਗਾ, ਕਿਉਂਕਿ ਅੱਜ ਉਹ ਕੇਂਦਰੀ ਪਬਲਿਕ ਸੈਕਟਰ ਕੰਪਣੀਆਂ ਦੇ ਕਾਮਿਆਂ ਦੀ ਫੌਜ ਵਿੱਚ ਅੱਧੇ ਤੋਂ ਵੀ ਜ਼ਿਆਦਾ ਹਨ। ■

# ਕੇਂਦਰੀ ਟਰੇਡ ਯੂਨੀਅਨਾਂ ਦੇ ਸੰਮੇਲਨ ਵਲੋਂ ਮਜਦੂਰ ਜਮਾਤ ਦੇ ਅਧਿਕਾਰਾਂ ਲਈ ਸੰਯੁਕਤ ਸੰਘਰਸ਼ ਚਲਾਉਣ ਦਾ ਫੈਸਲਾ

14 ਸਤੰਬਰ 2009 ਨੂੰ, ਨਵੀਂ ਦਿੱਲੀ ਦੇ ਮਾਵਲੰਕਰ ਹਾਲ ਵਿੱਚ ਇੱਕ ਸਰਵ-ਹਿੰਦ ਮਜਦੂਰ ਸੰਮੇਲਨ ਅਯੋਜਿਤ ਕੀਤਾ ਗਿਆ। ਵੱਖ-ਵੱਖ ਕੇਂਦਰੀ ਟਰੇਡ ਯੂਨੀਅਨਾਂ ਦੇ 1500 ਤੋਂ ਵੱਧ ਕਾਰਕੁਨਾ, ਅਤੇ ਬੈਂਕ ਕਰਮੀਆਂ, ਰੇਲਵੇ ਕਰਮਚਾਰੀਆਂ ਅਤੇ ਬਿਜਲੀ ਕਾਮਿਆਂ ਦੀਆਂ ਫੇਡਰੇਸ਼ਨਾਂ ਦੇ ਆਗੂਆਂ ਨੇ, ਇਸ ਸੰਮੇਲਨ ਵਿੱਚ ਹਿੱਸਾ ਲਿਆ। ਮਜਦੂਰ ਏਕਤਾ ਕਮੇਟੀ ਦੇ ਇੱਕ ਪ੍ਰਤੀਨਿਧੀ ਮੰਡਲ ਨੇ ਵੀ ਸੰਮੇਲਨ 'ਚ ਭਾਗ ਲਿਆ।

27 ਵਰ੍ਹਿਆਂ ਤੋਂ ਬਾਦ, ਪਹਿਲੀ ਬਾਰ ਸੱਭ ਕੇਂਦਰੀ ਟਰੇਡ ਯੂਨੀਅਨਾਂ ਦੇ ਨੇਤਾਵਾਂ ਨੇ, ਇਹ ਫੈਸਲਾ ਕੀਤਾ ਹੈ ਕਿ ਮਜਦੂਰ ਜਮਾਤ ਦੇ ਹਿੱਤਾਂ ਲਈ ਉਨ੍ਹਾਂ ਸੱਭ ਦੀਆਂ ਜਥੇਬੰਦੀਆਂ ਮਿਲਕੇ ਕੰਮ ਕਰਨਗੀਆਂ। ਉਨ੍ਹਾਂ ਨੇ ਆਪਣੇ ਸਮਸਤ ਕਾਰਕੁਨਾਂ ਨੂੰ ਅਪੀਲ ਕੀਤੀ ਕਿ ਉਹ ਮਿਲਵਰਨ ਦੇ ਇਸ ਫੈਸਲੇ ਨੂੰ ਸੂਬਿਆਂ ਅਤੇ ਕਾਰਖਾਨਿਆਂ ਦੇ ਪੱਧਰ ਤਕ ਲਾਗੂ ਕਰਨ।

ਸੰਮੇਲਨ ਵਿੱਚ ਫੈਸਲਾ ਲਿਆ ਗਿਆ ਕਿ 28 ਅਕਤੂਬਰ 2009 ਨੂੰ ਦੇਸ਼-ਭਰ ਵਿੱਚ ਪ੍ਰਤੀਰੋਧ ਦਿਵਸ ਮਨਾਇਆ ਜਾਵੇਗਾ। ਵੱਖ-ਵੱਖ ਸੂਬਿਆਂ ਵਿੱਚ ਸੂਬਾ ਪੱਧਰ ਦੇ ਸੰਮੇਲਨ ਅਯੋਜਿਤ ਕੀਤੇ ਜਾਣਗੇ।

**ਸੰਮੇਲਨ ਵਿੱਚ ਹੇਠ ਲਿਖੇ ਪੰਜ ਮੁੱਦਿਆਂ ਤੇ ਖਾਸ ਧਿਆਨ ਦਿੱਤਾ ਗਿਆ:**

(1) ਜਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਬੇਸ਼ੁਮਾਰ ਵਾਧੇ ਅਤੇ ਮਹਿੰਗਾਈ ਨੂੰ ਰੋਕਣ ਅਤੇ ਮਿਹਨਤਕਸ਼ ਜਨਤਾ ਨੂੰ ਮਹਿੰਗਾਈ ਦੀ ਮਾਰ ਤੋਂ ਬਚਾਉਣ ਦੇ ਉਪਾਵਾਂ ਦੀ ਜਰੂਰਤ।

(2) ਭਾਰੀ ਸੰਖਿਆ 'ਚ ਨੌਕਰੀਆਂ ਦੇ ਲਗਾਤਾਰ ਖਤਮ ਹੁੰਦੇ ਜਾਣ ਨਾਲ ਸੱਭ ਖੇਤਰਾਂ ਦੇ ਲੱਖਾਂ-ਲੱਖਾਂ ਮਜਦੂਰਾਂ ਦੀ ਰੋਜ਼ੀ-ਰੋਟੀ ਖੁੱਸ ਜਾਣਾ ਅਤੇ ਮਜਦੂਰਾਂ ਨੂੰ ਇਸ ਤੋਂ ਬਚਾਉਣ ਦੇ ਉਪਾਵਾਂ ਦੀ ਜਰੂਰਤ।

(3) ਨਿਊਨਤਮ ਤਨਖਾਹ, ਕੰਮ ਦੇ ਘੰਟਿਆਂ, ਸਮਾਜਕ ਸੁਰੱਖਿਆ, ਕੰਮ ਦੀ ਜਗ੍ਹਾ ਤੇ ਸੁਰੱਖਿਆ, ਟਰੇਡ ਯੂਨੀਅਨ ਅਧਿਕਾਰਾਂ, ਆਦਿ ਨਾਲ ਸਬੰਧਤ ਮੂਲ ਕਿਰਤ ਕਨੂੰਨਾਂ ਦਾ ਦੇਸ਼-ਭਰ ਵਿੱਚ ਹੋ ਰਿਹਾ ਉਲੰਘਣ, ਜਿਸ ਨਾਲ ਮਜਦੂਰਾਂ ਦੀਆਂ ਤਕਲੀਫਾਂ ਵਧ ਰਹੀਆਂ ਹਨ।

(4) ਕਿਰਤ ਕਨੂੰਨ ਦੇ ਤਹਿਤ ਨਾ ਆਉਣ ਵਾਲੇ ਗੈਰ-ਸੰਗਠਿਤ ਕਰਾਰ ਦਿੱਤੇ ਗਏ ਮਜਦੂਰਾਂ ਦੀ ਵਿਸ਼ਾਲ ਬਹੁ-ਗਿਣਤੀ ਨੂੰ 'ਗੈਰ-ਸੰਗਠਿਤ ਮਜਦੂਰ ਸੁਰੱਖਿਆ ਅਧਿਨਿਯਮਾਂ' ਤੋਂ ਕੋਈ ਖਾਸ ਰਾਹਤ ਨਾ ਮਿਲਣਾ

(5) ਮੁਨਾਫੇ ਬਣਾ ਰਹੀਆਂ ਕੇਂਦਰੀ ਪਬਲਿਕ ਸੈਕਟਰ ਕੰਪਨੀਆਂ ਦੇ ਸ਼ੇਅਰਾਂ ਨੂੰ ਵੇਚਣ ਦੀ ਸਰਕਾਰ ਦੀ ਕਾਰਵਾਈ।

**ਉਪਰੋਕਤ ਮੁੱਦਿਆਂ ਨੂੰ ਨਜਿੱਠਣ ਲਈ, ਸੰਮੇਲਨ ਨੇ ਫੌਰੀ ਉਪਾਵਾਂ ਦਾ ਸੱਦਾ ਦਿੱਤਾ। ਇਨ੍ਹਾਂ 'ਚੋਂ ਕੁੱਝ ਉਪਾਅ ਇਸ ਪ੍ਰਕਾਰ ਹਨ:**

(1) ਪੀ.ਡੀ.ਐਸ. (ਰਾਸ਼ਣ) ਵਿਵਸਥਾ ਨੂੰ ਸਰਵਜਨਕ ਬਣਾਇਆ ਜਾਵੇ ਅਤੇ ਬਜ਼ਾਰ ਵਿੱਚ ਸੱਟੇਬਾਜ਼ੀ ਉੱਤੇ ਰੋਕ ਲਗਾਈ ਜਾਏ, ਤਾਂਕਿ ਮਹਿੰਗਾਈ ਅਤੇ ਮਿਹਨਤਕਸ਼ ਲੋਕਾਂ ਉਤੇ ਇਸਦੇ ਦੂਰ-ਪ੍ਰਭਾਵ ਉੱਤੇ ਕਾਬੂ ਪਾਇਆ ਜਾ ਸਕੇ।

(2) ਨੌਕਰੀਆਂ ਨੂੰ ਬਚਾਉਣ ਅਤੇ ਨਵੀਆਂ ਨੌਕਰੀਆਂ ਪੈਦਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ, ਉੱਦਮੀਆਂ ਨੂੰ ਦਿੱਤੇ ਜਾ ਰਹੇ ਪ੍ਰੋਤਸਾਹਨ ਪੈਕੇਜ ਨੂੰ ਰੋਜ਼ਗਾਰ ਦੀ ਸੁਰੱਖਿਆ ਨਾਲ ਜੋੜਿਆ ਜਾਵੇ ਅਤੇ ਅਧਾਰਕ ਢਾਂਚੇ ਅੰਦਰ ਸਰਕਾਰੀ ਨਿਵੇਸ਼ ਵਧਾਇਆ ਜਾਵੇ।

(3) ਕਿਰਤ ਕਨੂੰਨਾਂ ਦਾ ਉਲੰਘਣ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਇਨ੍ਹਾਂ ਕਨੂੰਨਾਂ ਨੂੰ ਕਰੜਾਈ ਨਾਲ ਲਾਗੂ ਕੀਤਾ ਜਾਵੇ।

(4) ਇਹ ਯਕੀਨੀ ਬਣਾਇਆ ਜਾਵੇ ਕਿ 'ਗੈਰ-ਸੰਗਠਿਤ ਮਜਦੂਰ ਸੁਰੱਖਿਆ ਅਧਿਨਿਯਮ' ਵਿੱਚ ਗਰੀਬੀ ਰੇਖਾ ਤੋਂ ਥੱਲੇ ਅਤੇ ਗਰੀਬੀ ਰੇਖਾ ਤੋਂ ਉੱਪਰ ਵਾਲੇ ਮਜਦੂਰਾਂ ਵਿਚਾਲੇ ਬਟਵਾਰੇ ਨੂੰ ਖਤਮ ਕੀਤਾ ਜਾਵੇ, ਅਤੇ ਮੂਲ ਕਿਰਤ ਕਨੂੰਨਾਂ ਦਾ ਲਾਭ ਨਾ ਪਾਉਣ ਵਾਲੇ ਸੱਭ ਮਜਦੂਰਾਂ ਨੂੰ ਕੰਮ ਦੀ ਜਗ੍ਹਾ ਤੇ ਸਮਾਜਕ ਸੁਰੱਖਿਆ ਦੁਆਉਣ ਲਈ ਇੱਕ ਰਾਸ਼ਟਰੀ ਕੋਸ਼ ਕਾਇਮ ਕੀਤਾ ਜਾਵੇ।

(5) ਮੁਨਾਫ ਬਣਾ ਰਹੀਆਂ ਪਬਲਿਕ ਸੈਕਟਰ ਕੰਪਨੀਆਂ ਦੇ ਸ਼ੇਅਰਾਂ ਦਾ ਵਿਨਿਵੇਸ਼ ਨਾ ਕੀਤਾ ਜਾਵੇ, ਉਨ੍ਹਾਂ ਦੀ ਵਾਧੂ ਆਮਦਨੀ ਨੂੰ ਉਨ੍ਹਾਂ ਦੇ ਵਿਸਤਾਰਣ ਅਤੇ ਅਧੁਨਿਕੀਕਰਣ ਉੱਤੇ ਅਤੇ ਘਾਟੇ ਤੇ ਚੱਲ ਰਹੀਆਂ ਪਬਲਿਕ ਸੈਕਟਰ ਕੰਪਨੀਆਂ ਨੂੰ ਮਜਬੂਤ ਕਰਨ ਉੱਤੇ ਖਰਚਿਆ ਜਾਵੇ।

ਮਜਦੂਰ ਏਕਤਾ ਲਹਿਰ ਇਹ ਸਮਝਦਾ ਹੈ ਕਿ ਮਜਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੇ ਇਨ੍ਹਾਂ ਕੁੱਝ ਭਖਦੇ ਮਸਲਿਆਂ ਨੂੰ ਲੈ ਕੇ, ਸਾਰੀਆਂ ਕੇਂਦਰੀ ਟਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਦਾ ਇੱਕਜੁਟ ਹੋਣਾ ਇੱਕ ਸਕਾਰਾਤਮਕ ਕਦਮ ਹੈ। ਬੀਤੇ 25 ਸਾਲਾਂ ਦੁਰਾਨ, ਸਰਮਾਏਦਾਰੀ ਨੇ ਉਦਾਰੀਕਰਣ ਅਤੇ ਨਿੱਜੀਕਰਣ ਦੇ ਜ਼ਰੀਏ ਭੂਮੰਡਲੀਕਰਣ ਦੇ ਪ੍ਰੋਗਰਾਮ ਨਾਲ ਮਜਦੂਰਾਂ ਦੀ ਲੁੱਟ ਖੂਬ ਤੇਜ਼ ਕਰ ਦਿੱਤੀ ਹੈ। ਇਸ ਨੇ ਅਜੇਹੀਆਂ ਨੀਤੀਆਂ ਲਾਗੂ ਕੀਤੀਆਂ ਹਨ ਜਿਨ੍ਹਾਂ ਨਾਲ ਸਾਡੇ ਦੇਸ਼ ਦੀ ਅਬਾਦੀ ਦਾ ਇੱਕ ਵੱਡਾ ਹਿੱਸਾ ਕੰਗਾਲ ਹੁੰਦਾ ਜਾ ਰਿਹਾ, ਜਦ ਕਿ ਇਸ ਸਰਮਾਏਦਾਰੀ ਨੇ ਬੇਸ਼ੁਮਾਰ ਦੌਲਤ ਕਮਾਈ ਹੈ ਅਤੇ ਇੱਕ ਵਿਸ਼ਵ ਪੱਧਰ ਦੀ ਸਾਮਰਾਜਵਾਦੀ ਤਾਕਤ ਬਣਨ ਦੇ ਯਤਨ ਕਰ ਰਹੀ ਹੈ। ਇਸਨੇ ਕੇਂਦਰੀ ਟਰੇਡ ਯੂਨੀਅਨਾਂ ਉੱਤੇ ਆਪਣੀਆਂ ਵੱਖ-ਵੱਖ ਪਾਰਟੀਆਂ ਦੇ ਕੰਟਰੋਲ ਦੇ ਜ਼ਰੀਏ ਅਤੇ ਇਨ੍ਹਾਂ ਯੂਨੀਅਨਾਂ ਨੂੰ ਇਸ ਜਾਂ ਉਸ ਪਾਰਟੀ ਦੀਆਂ ਪਾਰਲੀਮਾਨੀ ਚਾਲਾਂ ਦੀਆਂ ਪਿਛਲਗ ਬਣਾਕੇ, ਟਰੇਡ ਯੂਨੀਅਨ ਅੰਦੋਲਣ ਨੂੰ ਅੱਡੋ-ਫਾੜ ਕਰ ਰੱਖਿਆ ਹੈ। ਇਨ੍ਹਾਂ ਹਾਲਤਾਂ ਅੰਦਰ ਇਹ ਬਹੁਤ ਜਰੂਰੀ ਹੈ ਕਿ ਇੱਕਜੁਟ ਸੰਘਰਸ਼ ਨੂੰ ਵਿਕਸਤ ਕਰਨ ਦੇ ਨਾਲੋ-ਨਾਲ, ਅੰਦੋਲਨ ਦੀਆਂ ਕਮਜ਼ੋਰੀਆਂ ਤੋਂ ਛੁਟਕਾਰਾ ਪਾਉਣ ਲਈ, ਮਜਦੂਰ ਜਮਾਤ ਦੇ ਸੱਭੇ ਕਾਰਕੁੰਨ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ, ਬੀਤੇ 25 ਸਾਲਾਂ ਦੇ ਆਪਣੇ ਤਜਰਬੇ ਦਾ ਮੁਲੰਕਣ ਕਰਨ। ■

---

## ਹਰਿਆਣਾ ਵਿਧਾਨ ਸਭਾ ਚੋਣ...

**ਸਫਾ 3 ਦੀ ਬਾਕੀ**

ਪਹਿਲਾ ਕਦਮ ਇਹ ਹੈ ਕਿ ਮਜ਼ਦੂਰਾਂ ਤੇ ਕਿਸਾਨਾਂ ਨੂੰ ਪੂੰਜੀਪਤੀ ਵਰਗ ਦੀ ਇਸ ਜਾਂ ਉਸ ਪਾਰਟੀ ਦਾ ਵੋਟ ਬੈਂਕ ਬਨਣ ਦੀ ਭੂਮਿਕਾ ਨੂੰ ਠੁਕਰਾ ਦੇਣਾ ਹੋਵੇਗਾ। ਕਮਿਊਨਿਸਟਾਂ ਤੇ ਮਜ਼ਦੂਰਾਂ, ਕਿਸਾਨਾਂ, ਔਰਤਾਂ ਤੇ ਨੌਜਵਾਨਾਂ ਦੀਆਂ ਸਾਰੀਆਂ ਜਥੇਬੰਦੀਆਂ ਨੂੰ ਸਾਰੀਆਂ ਥਾਵਾਂ 'ਤੇ ਜਨਤਕ ਜਥੇਬੰਦੀਆਂ ਬਨਾਉਣ 'ਚ ਮਦਦ ਕਰਨੀ ਪਵੇਗੀ, ਤਾਂ ਕਿ ਪੂੰਜੀਵਾਦੀ ਪਾਰਟੀਆਂ ਦੇ ਉਮੀਦਵਾਰਾਂ ਨਾਲ ਟੱਕਰ ਲੈਣ ਲਈ ਜਨਤਾ ਦੇ ਉਮੀਦਵਾਰਾਂ ਦੀ ਚੋਣ ਕੀਤੀ ਜਾ ਸਕੇ।

ਹਰਿਆਣਾ ਦੀ ਜਨਤਾ ਦੀ, ਸਾਰੇ ਲੋਕਾਂ ਦੇ ਸਾਂਝੇ ਹਿਤਾਂ ਦੀ ਰੱਖਿਆ ਕਰਨ ਤੇ ਉਨ੍ਹਾਂ ਨੂੰ ਬੜ੍ਹਾਵਾ ਦੇਣ ਦੀ ਅਨਮੋਲ ਪਰੰਪਰਾ ਹੈ। 1857 ਦੇ ਗ਼ਦਰ 'ਚ ਇਸ ਇਲਾਕੇ ਦੇ ਲੋਕਾਂ ਨੇ ਜਾਤ ਤੇ ਧਰਮ ਦੇ ਭੇਦ-ਭਾਵ ਨੂੰ ਭੁੱਲ ਕੇ, ਬੜੀ ਹਿੰਮਤ ਤੇ ਏਕਤਾ ਦਿਖਾਈ ਸੀ।

ਹਰਿਆਣਾ ਦੇ ਲੋਕਾਂ ਨੂੰ ਅੱਜ ਆਪਣੀ ਉਸ ਇਨਕਲਾਬੀ ਪਰੰਪਰਾ ਅਨੁਸਾਰ, ਮਜ਼ਦੂਰ-ਕਿਸਾਨ ਦਾ ਬਦਲ ਬਨਾਉਣਾ ਹੋਵੇਗਾ। ਇਹ ਅਲਗ ਅਲਗ ਪਾਰਟੀਆਂ ਦੇ ਨੇਤਾਵਾਂ ਵੱਲੋਂ ਉੱਪਰ ਤੋਂ ਬਣਾਇਆ ਗਿਆ ਸੰਸਦੀ ਮੋਰਚਾ ਨਹੀਂ ਹੋ ਸਕਦਾ। ਇਸ ਨੂੰ ਇਕ ਜਨਤਕ ਮੋਰਚਾ ਹੋਣਾ ਪਵੇਗਾ ਜੋ ਹਰੇਕ ਪਿੰਡ ਤੇ ਮੁਹੱਲੇ, ਹਰੇਕ ਸ਼ਹਿਰ ਤੇ ਫੈਕਟਰੀ 'ਚ ਮੁੱਢਲੀ ਰਾਜਨੀਤਕ ਏਕਤਾ 'ਤੇ ਅਧਾਰਤ ਹੋਵੇਗਾ।

ਹਿੰਦੁਸਤਾਨ ਦੀ ਕਮਿਊਨਿਸਟ ਗਦਰ ਪਾਰਟੀ ਸਾਰੇ ਕਮਿਊਨਿਸਟਾਂ, ਹਰਿਆਣਾ ਦੀਆਂ ਸਭ ਮਜ਼ਦੂਰ ਤੇ ਕਿਸਾਨ ਯੂਨੀਅਨਾਂ, ਔਰਤਾਂ ਤੇ ਨੌਜਵਾਨਾਂ ਦੀਆਂ ਜਥੇਬੰਦੀਆਂ ਦੇ ਕਾਰਕੁੰਨਾਂ ਨੂੰ ਸੱਦਾ ਦਿੰਦੀ ਹੈ ਕਿ ਅਸੀਂ ਸਾਰੇ ਮਿਲ ਕੇ ਪੂੰਜੀਵਾਦੀ ਪਾਰਟੀਆਂ ਤੇ ਉਨ੍ਹਾਂ ਦੇ ਤੰਗ ਨਜ਼ਰੀਏ ਵਾਲੇ ਪ੍ਰੋਗਰਾਮ ਦਾ ਅਸਲੀ ਬਦਲ ਵਿਕਸਤ ਕਰਨ ਦੇ ਲਈ ਕੰਮ ਕਰੀਏ। ਅਸੀਂ ਸਾਰੇ ਮਿਲ ਕੇ ਉਸ ਜਨ ਮੋਰਚੇ ਦਾ ਨਿਰਮਾਣ ਕਰੀਏ ਜੋ ਸਾਡੀ ਜ਼ਮੀਨ ਤੇ ਮਜ਼ਦੂਰੀ ਦੀ ਲੁੱਟ ਨੂੰ ਖਤਮ ਕਰੇਗਾ ਤੇ ਸਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਦਿਸ਼ਾ 'ਚ ਅਰਥਵਿਵਸਥਾ ਦਾ ਸੰਚਾਲਨ ਕਰੇਗਾ।

**ਇਨਕਲਾਬ ਜ਼ਿੰਦਾਬਾਦ!**

# ਡਬਲਯੂ.ਟੀ.ਓ. ਨੂੰ ਮੁੜ ਕੇ ਜਿੰਦਾ ਕਰਨ ਦੀ ਹਿੰਦੋਸਤਾਨ ਦੀ ਪਹਿਲ

ਹਿੰਦੋਸਤਾਨ ਸਰਕਾਰ ਨੇ, 3-4 ਸਤੰਬਰ 2009 ਨੂੰ ਨਵੀਂ ਦਿੱਲੀ ਵਿੱਚ ਪ੍ਰਮੁੱਖ ਡਬਲਯੂ.ਟੀ,ਓ. ਮੈਂਬਰਾਂ ਅਤੇ ਉਨ੍ਹਾਂ ਦੇ ਗਠਬੰਧਨਾਂ ਦੀ ਪ੍ਰਤੀਨਿਧਤਾ ਕਰਨ ਵਾਲੇ 35 ਦੇਸ਼ਾਂ ਦੇ ਵਪਾਰ ਮੰਤਰੀਆਂ ਦੀ ਬੈਠਕ ਦੀ ਮੇਜਬਾਨੀ ਕੀਤੀ। ਇਹ ਦੱਸਿਆ ਜਾ ਰਿਹਾ ਹੈ ਕਿ ਇਸ ਬੈਠਕ ਦਾ ਮਕਸਦ ਬੀਤੇ ਵਰ੍ਹੇ ‘ਚ ਪਿਛਲੇ ਵਾਰਤਾ ਦੌਰ ਨੂੰ ਠੱਪ ਕਰਨ ਵਾਲੇ ਅੰਤਰ-ਵਿਰੋਧਾਂ ਨੂੰ ਸੁਲਝਾਉਣਾ ਅਤੇ ਫਿਰ ਤੋਂ ਵਾਰਤਾ ਚਾਲੂ ਕਰਨ ਦੀ ਤਿਆਰੀ ਕਰਨਾ ਸੀ। ਡਬਲਯੂ.ਟੀ.ਓ. ਵਾਰਤਾ ਨੂੰ ਮੁੜ ਤੋਂ ਜਿੰਦਾ ਕਰਨ ਵਿੱਚ ਹਿੰਦੋਸਤਾਨ ਸਰਕਾਰ ਦੀ ਇਸ ਪਹਿਲ ਉੱਤੇ ਸਾਰੀ ਦੁਨੀਆਂ ਦੀਆਂ ਨਜਰਾਂ ਟਿਕੀਆਂ ਹੋਈਆਂ ਹਨ। ਇਹ, ਵਿਸ਼ਵ ਦੇ ਵਪਾਰ ਅਤੇ ਆਰਥਕ ਮੰਚਾਂ ਅੰਦਰ ਇੱਕ ਵਧਦੀ ਭਾਰੂ ਭੂਮਿਕਾ ਅਦਾ ਕਰਨ ਦੀ ਹਿੰਦੋਸਤਾਨੀ ਸਰਮਾਏਦਾਰੀ ਦੀ ਮਣਸ਼ਾ ਨੂੰ ਜ਼ਾਹਰ ਕਰਦਾ ਹੈ, ਜੋ ਇਸਦੇ ਵਿਸ਼ਵ ਮਾਮਲਿਆਂ ਵਿੱਚ ਇੱਕ ਵੱਡੀ ਸ਼ਕਤੀ ਦਾ ਰੁਤਬਾ ਹਾਸਲ ਕਰਨ ਦੇ ਸਾਮਰਾਜਵਾਦੀ ਮਨਸੂਬਿਆਂ ਨਾਲ ਮੇਲ ਖਾਂਦੀ ਹੈ।

ਐਪਰ, ਡਬਲਯੂ.ਟੀ.ਓ. ਵਾਰਤਾ ਨੂੰ ਫਿਰ ਤੋਂ ਸ਼ੁਰੂ ਕੀਤੇ ਜਾਣ ਦੇ ਖਿਲਾਫ ਆਪਣੀ ਅਵਾਜ਼ ਉਠਾਉਂਦੇ ਹੋਏ 50,000 ਤੋਂ ਜ਼ਿਆਦਾ ਕਿਸਾਨ, 4 ਸਤੰਬਰ ਨੂੰ ਦਿੱਲੀ ਪੁੱਜੇ। ਉਨ੍ਹਾਂ ਨੇ ਸਾਫ-ਸਾਫ ਇਹ ਐਲਾਨ ਕੀਤਾ ਕਿ ਮਨਮੋਹਣ ਸਿੰਘ ਸਰਕਾਰ ਦੀ ਇਹ ਪਹਿਲ, ਕਿਸਾਨਾਂ ਦੇ ਹਿੱਤ ‘ਚ ਨਹੀਂ ਹੈ। ਕੇਂਦਰ ਸਰਕਾਰ ਦੇ ਵਣਜ ਅਤੇ ਉਦਯੋਗ ਮੰਤਰੀ, ਅਨੰਦ ਸ਼ਰਮਾ, ਨੇ ਕਹਿ ਤਾਂ ਦਿੱਤਾ ਕਿ “ਹਿੰਦੋਸਤਾਨ ਦੀ ਖੇਤੀ ਦੇ ਖਿਲਾਫ ਅਸੀਂ ਕੋਈ ਸਮਝੌਤਾ ਨਹੀਂ ਕਰਾਂਗੇ!” ਲੇਕਿਨ ਕਿਸਾਨਾਂ ਨੂੰ ਉਹਦੀਆਂ ਗੱਲਾਂ ਤੇ ਕੋਈ ਭਰੋਸਾ ਨਹੀਂ ਹੈ, ਕਿਉਂਕਿ ਡਬਲਯੂ.ਟੀ.ਓ. ਕਰਾਰਾਂ ਨੇ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਖਤਰੇ ‘ਚ ਪਾ ਛੱਡਿਆ ਹੈ; ਅਤੇ ਉਹ ਸਮਝਦੇ ਹਨ ਕਿ ਮੰਤਰੀ ਸਾਹਬ ਜਦ “ਹਿੰਦੋਸਤਾਨੀ ਖੇਤੀ” ਦਾ ਜ਼ਿਕਰ ਕਰਦਾ ਹੈ ਤਾਂ ਉਹ ਅਸਲ ਵਿੱਚ ਖੇਤੀ ਖੇਤਰ ਵਿੱਚ ਵੱਡੀਆਂ-ਵੱਡੀਆਂ ਕੰਪਣੀਆਂ ਦੇ ਹਿੱਤਾਂ ਨੂੰ ਬਚਾਉਣ ਦੀ ਗੱਲ ਕਰ ਰਿਹਾ ਹੈ, ਲੱਖਾਂ ਕ੍ਰੋੜਾਂ ਕਿਸਾਨਾਂ ਦੇ ਹਿੱਤਾਂ ਦੀ ਨਹੀਂ।

ਇਸ ਤੋਂ ਪਹਿਲੇ ਦੌਰ ਦੀ ਡਬਲਯੂ.ਟੀ.ਓ. ਵਾਰਤਾ 21 ਤੋਂ 31 ਜੁਲਾਈ 2008 ਨੂੰ ਜਨੇਵਾ ਵਿੱਚ ਹੋਈ ਸੀ, ਉਹ ਆਖਰੀ ਤੋਂ ਇੱਕ ਦਿਨ ਪਹਿਲਾਂ ਠੱਪ ਹੋ ਗਈ ਸੀ ਕਿਉਂਕਿ ਉਨ੍ਹਾਂ ਮੁੱਦਿਆਂ ਤੇ ਸਹਿਮਤੀ ਨਹੀਂ ਹੋ ਸਕੀ ਸੀ ਜੋ ਇਸ ਦੋਹਾ ਰਾਊਂਡ ਵਾਰਤਾ ਨੂੰ ਸ਼ੁਰੂ ਤੋਂ ਹੀ ਪਲੇਗ ਦੀ ਤਰ੍ਹਾਂ ਚੰਬੜੇ ਹੋਏ ਹਨ। ਇਹ ਸਬਸਿਡੀਆਂ ਅਤੇ ਵਿਸ਼ੇਸ਼ ਸੁਰੱਖਿਆ ਤੰਤਰਾਂ ਦੇ ਮੁੱਦੇ ਹਨ, ਜਾਣੀ ਕਿ ਸੁਰੱਖਿਆ ਤੰਤਰਾਂ ਰਾਹੀਂ ਕਿਸ ਹੱਦ ਤਕ ਕੋਈ ਦੇਸ਼ ਆਪਣੇ ਘਰੇਲੂ ਉਤਪਾਦਕਾਂ ਨੂੰ ਦਰਾਮਦਾਂ ਦੀ ਛੱਲ ਦੀ ਮਾਰ ਤੋਂ ਬਚਾ ਸਕੇਗਾ। ਵਿਸ਼ੇਸ਼ ਸੁਰੱਖਿਆ ਤੰਤਰ ਏਸ ਲਈ ਹਨ ਕਿ ਅਜੇਹੇ ਦੇਸ਼ ਦਰਾਮਦਾਂ ਦੀ ਛੱਲ ਇੱਕ ਨਿਰਧਾਰਤ ਹੱਦ ਤੋਂ ਟੱਪ ਰਹੀ ਹੋਵੇ ਤਾਂ ਉਹ ਦਰਾਮਦ ਟੈਕਸ ਵਧਾ ਸਕਣ। ਲੇਕਿਨ ਇਸ ਗੱਲ ਤੇ ਸਹਿਮਤੀ ਨਹੀਂ ਬਣ ਰਹੀ ਕਿ ਉਹ ਹੱਦ ਕੀ ਹੈ ਜਿਸ ਦੇ ਟੱਪ ਜਾਣ ਤੇ ਵਿਸ਼ੇਸ਼ ਸੁਰੱਖਿਆ ਤੰਤਰ ਲਾਗੂ ਕੀਤੇ ਜਾ ਸਕਦੇ ਹਨ। ਏਸੇ ਤਰ੍ਹਾਂ ਉਦਯੋਗਾਂ ਵਿੱਚ ਟੈਕਸਾਂ ਅਤੇ ਸੇਵਾਵਾਂ ਬਾਰੇ ਗੱਲਬਾਤ ਵਿੱਚ ਵੀ ਮਤਭੇਦ ਸਨ ਜੋ ਹੱਲ ਨਹੀਂ ਹੋ ਸਕੇ ਸਨ।

ਇਨ੍ਹਾਂ ਮੱਤਭੇਦਾਂ ਦਾ ਕਾਰਨ ਏਹੀ ਹੈ ਕਿ ਹਰੇਕ ਸਰਮਾਏਦਾਰ ਸਰਕਾਰ ਆਪਣੇ ਦੇਸ਼ ਦੇ ਸਰਮਾਏਦਾਰਾਂ ਲਈ ਵੱਧ ਫਾਇਦਾ ਹਾਸਲ ਕਰਨਾ ਚਾਹੁੰਦੀ ਹੈ ਅਤੇ ਘੱਟ ਤੋਂ ਘੱਟ ਦੇਣਾ ਚਾਹੁੰਦੀ ਹੈ, ਚਾਹੇ ਖੇਤੀ ਚ ਹੋਵੇ, ਉਦਯੋਗ ‘ਚ ਹੋਵੇ ਜਾਂ ਸੇਵਾਵਾਂ ‘ਚ ਹੋਵੇ। ਕਿਉਂਕਿ ਹਰੇਕ ਦੇਸ਼ ਜਾਂ ਦੇਸ਼ਾਂ ਦਾ ਸਮੂਹ ਦੁਨੀਆਂ ਦੇ ਬਜ਼ਾਰਾਂ ਲਈ ਮੁਕਾਬਲਾ ਕਰ ਰਿਹਾ ਅਤੇ ਜਿਨ੍ਹਾਂ ਵੱਡੀਆਂ ਸਰਮਾਏਦਾਰ ਕੰਪਣੀਆਂ ਦੇ ਹਿੱਤਾਂ ਲਈ ਉਹ ਲੜ ਰਹੇ ਹਨ, ਉਨ੍ਹਾਂ ਕੰਪਣੀਆਂ ਨੇ ਇਨ੍ਹਾਂ ਵਾਰਤਾਵਾਂ ਦੇ ਫੈਸਲਿਆਂ ਤੋਂ ਬਹੁਤ ਕੁਛ ਖੱਟਣਾ ਜਾਂ ਗੁਆਉਣਾ ਹੈ। ਏਸੇ ਲਈ ਇਹਦੇ ‘ਚ ਤੀਬਰ ਅੰਤਰ-ਵਿਰੋਧ ਅਤੇ ਟਾਕਰਾ ਹੈ। ਲੇਕਿਨ ਇਸ ਸੱਚਾਈ ਨੂੰ ਲੁਕਾਉਂਦੇ ਹੋਏ, ਸੱਭ ਦੇਸ਼ਾਂ ਦੇ ਪ੍ਰਤੀਨਿੰਧ ਬਾਰ-ਬਾਰ ਏਹੋ ਦੁਹਰਾਉਂਦੇ ਰਹਿੰਦੇ ਹਨ ਕਿ “ਵਿਕਾਸ ਦੇ ਪ੍ਰਮੁੱਖ ਉਦੇਸ਼ ਨਾਲ, ਇੱਕ ਨਿਯਮਾਂ ਤੇ ਅਧਾਰਤ, ਨਿਆਂਪੂਰਨ ਅਤੇ ਬਰਾਬਰੀ ਵਾਲੀ ਵਿਸ਼ਵੀ ਬਹੁ-ਤਰਫਾ ਵਪਾਰ ਵਿਵਸਥਾ” ਦੀ ਜਰੂਰਤ ਹੈ।

ਅੱਜ ਵੱਡੀਆਂ ਸਰਮਾਏਦਾਰ ਕੰਪਣੀਆਂ ਦਾ ਵਿਸ਼ਵ ਵਪਾਰ ਉੱਤੇ ਗਲਬਾ ਹੈ, ਜਿਨ੍ਹਾਂ ਨੂੰ ਟੈਕਸ ਅਤੇ ਪਾਬੰਦੀਆਂ ਘਟਾਏ ਜਾਣ ਨਾਲ ਸੱਭ ਤੋਂ ਵੱਧ ਫਾਇਦਾ ਹੋਇਆ ਹੈ।ਵਪਾਰ ਦੇ ਉਦਾਰੀਕਰਣ ਅਤੇ ਵਾਅਦਾ ਵਪਾਰ ਦੇ ਪਸਾਰੇ ਨੇ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਨਿਰਬਾਹ ਨੂੰ ਜੋਖਮ ਵਿੱਚ ਪਾ ਦਿੱਤਾ। ਲੱਖਾਂ ਹੀ ਕਿਸਾਨ ਤਬਾਹ ਹੋ ਗਏ ਹਨ।



ਅੱਜ, ਵਿਸ਼ਵ ਆਰਥਕ ਮੰਦਵਾੜੇ ਦੇ ਕਾਰਨ ਬਜ਼ਾਰ ਸੁਕੜ ਗਿਆ ਹੈ ਅਤੇ ਹਰੇਕ ਦੇਸ਼ ਦੇ ਸਰਮਾਏਦਾਰ ਆਪਣੀਆਂ ਬਰਾਮਦਾਂ ਨੂੰ ਵਧਾਉਣ ਦੇ ਯਤਨ ਕਰ ਰਹੇ ਹਨ। ਹਿੰਦੋਸਤਾਨ ਕਈ ਵਿਸ਼ਵ-ਪੱਧਰ ਦੇ ਮੁਦਿੱਆਂ ਤੇ ਪਹਿਲ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਕਿ ਹਿੰਦਸਤਾਨੀ ਸਰਮਾਏਦਾਰ ਕੰਪਣੀਆਂ ਦੇ ਪੂੰਜੀ ਨਿਵੇਸ਼ਾਂ ਅਤੇ ਬਰਾਮਦਾਂ ਦੇ ਵਿਦੇਸ਼ੀ ਬਜ਼ਾਰ ਦਾ ਪਸਾਰਾ ਕੀਤਾ ਜਾ ਸਕੇ। ਦੇਸ਼ ਦੀ 'ਵਿਦੇਸ਼ ਵਪਾਰ ਨੀਤੀ 2009-14' ਦਾ ਐਲਾਨ ਕਰਨ ਲਈ ਆਪਣੇ ਭਾਸ਼ਣ ਵਿੱਚ ਅਨੰਦ ਸ਼ਰਮਾ ਨੇ ਕਿਹਾ ਕਿ "ਕੁੱਝ ਦੇਸ਼ ਸੁਰੱਖਿਆਵਾਦੀ ਉਪਾਵਾਂ ਦਾ ਸਹਾਰਾ ਲੈ ਰਹੇ ਹਨ ਜੋ ਕਿ ਮੁਕਤ ਵਪਾਰ ਦੇ ਰਾਹ ਵਿੱਚ ਅੜਿੱਕਾ ਬਣ ਰਹੇ ਹਨ"। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਹਿੰਦੋਸਤਾਨ ਇੱਕ ਐਸੀ ਵੱਡੀ ਤਾਕਤ ਵਾਲਾ ਵਤੀਰਾ ਆਪਣਾ ਰਿਹਾ ਹੈ, ਜੋ ਵਪਾਰ 'ਚ ਹੋਰ ਵਧੇਰੇ ਢਿੱਲ ਤੋਂ ਫਾਇਦਾ ਉਠਾਉਣਾ ਚਾਹੁੰਦੀ ਹੈ, ਨਾ ਕਿ ਆਪਣੇ ਛੋਟੇ ਉਤਪਾਦਕਾਂ ਨੂੰ ਬਚਾਉਣਾ ਚਾਹੁੰਦੀ ਹੈ।

ਅੱਜ ਤਕ, ਨਾ ਤਾਂ ਕਾਂਗਰਸ ਪਾਰਟੀ ਨੇ ਅਤੇ ਨਾ ਹੀ ਭਾਜਪਾ (ਜਦ ਉਹ ਸੱਤਾ ਤੇ ਸੀ) ਨੇ ਇਹ ਵਿਆਖਿਆ ਕੀਤੀ ਹੈ ਕਿ ਡਬਲਯੂ.ਟੀ.ਓ. ਸਮਝੌਤਾ ਕਿਸ ਤਰ੍ਹਾਂ ਹਿੰਦੋਸਤਾਨ ਦੇ ਬਹੁ-ਗਿਣਤੀ ਲੋਕਾਂ, ਮਜਦੂਰਾਂ ਅਤੇ ਕਿਸਾਨਾਂ ਦੇ ਹਿੱਤ ਵਿੱਚ ਹੈ। ਜਿਸ ਤਰ੍ਹਾਂ ਚੋਰੀ-ਛੁਪੇ ਡਬਲਯੂ.ਟੀ.ਓ. ਵਾਰਤਾਵਾਂ ਚਲਾਈਆਂ ਗਈਆਂ ਹਨ ਅਤੇ ਸਮਝੌਤੇ ਕੀਤੇ ਗਏ ਹਨ, ਉਸਦਾ ਹਿੰਦੋਸਤਾਨ ਵਿੱਚ ਬਹੁਤ ਵਿਰੋਧ ਹੋਇਆ ਹੈ। ਅੱਜ ਵਕਤ ਦੀ ਮੰਗ ਹੈ ਕਿ ਸਾਡੇ ਸਭ ਮਜਦੂਰ ਅਤੇ ਕਿਸਾਨ ਉਦਾਰੀਕਰਣ ਪ੍ਰੋਗਰਾਮ ਦੇ ਖਿਲਾਫ ਆਪਣੀ ਏਕਤਾ ਨੂੰ ਮਜਬੂਤ ਕਰਨ ਅਤੇ ਸਰਮਾਏਦਾਰੀ ਦੀ ਸਾਮਰਾਜਵਾਦੀ ਮੁਹਿੰਮ ਦਾ ਡਟਕੇ ਵਿਰੋਧ ਕਰਨ। ■



# ਕਿਸਾਨ ਕਾਰਕੁਨਾ ਨਾਲ ਭੇਂਟ-ਵਾਰਤਾ

**3-4 ਸਤੰਬਰ 2009 ਨੂੰ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਦੀ ਨਵੀਂ ਦਿੱਲੀ ਵਿੱਚ ਮੰਤਰੀ-ਸਤੱਰੀ ਬੈਠਕ ਦੇ ਖਿਲਾਫ, ਭਾਰਤੀ ਕਿਸਾਨ ਯੂਨੀਆਨ (ਬੀ.ਕੇ.ਯੂ) ਦੀ ਅਗਵਾਈ ਵਿੱਚ ਪੂਰੇ ਦੇਸ਼ ਤੋਂ ਆਏ 50 ਹਜਾਰ ਤੋਂ ਵਧੇਰੇ ਕਿਸਾਨਾਂ ਨੇ ਸੰਸਦ ਦੇ ਸਾਹਮਣੇ ਮੁਜ਼ਾਹਰਾ ਕੀਤਾ। ਉਹ ਖੇਤੀ ਨੂੰ ਡਬਲਯੂ.ਟੀ.ਓ. ਤੋਂ ਬਾਹਰ ਰੱਖਣ ਦੀ ਮੰਗ ਕਰ ਰਹੇ ਹਨ। ਇਸ ਮੁਜ਼ਾਹਰੇ ਦੁਰਾਨ ਮਜਦੂਰ ਏਕਤਾ ਲਹਿਰ ਦੇ ਪੱਤਰ-ਪ੍ਰੇਰਕ ਨੇ ਕਈ ਕਿਸਾਨ ਕਾਰਕੁਨਾ ਨਾਲ ਗੱਲਬਾਤ ਕੀਤੀ, ਜਿਸ 'ਚੋਂ ਕੁੱਝ ਅੰਸ਼ ਹੇਠਾਂ ਛਾਪੇ ਜਾ ਰਹੇ ਹਨ:**

## ਜਗਦੀਸ਼ ਸਿੰਘ, ਪ੍ਰਧਾਨ ਮਧ ਪ੍ਰਦੇਸ਼ ਬੀ.ਕੇ.ਯੂ. ਨਾਲ ਵਾਰਤਾ

**ਮਜਦੂਰ ਏਕਤਾ ਲਹਿਰ:** ਕਿਸਾਨਾਂ ਦਾ ਦਿੱਲੀ ਆਉਣ ਦਾ ਕੀ ਮਨੋਰਥ ਹੈ?

**ਜਗਦੀਸ਼ ਸਿੰਘ:** ਅੱਜ ਅਤੇ ਕੱਲ੍ਹ ਏਥੇ ਡਬਲਯੂ.ਟੀ.ਓ.ਦੀ ਲਘੂ ਮੰਤਰੀ-ਸੱਤਰੀ ਬੈਠਕ ਹੋ ਰਹੀ ਹੈ, ਜਿਹਦੇ 'ਚ 35 ਦੇਸ਼ਾਂ ਦੇ ਪ੍ਰਤੀਨਿਧ ਹਿੱਸਾ ਲੈ ਰਹੇ ਹਨ। ਇਹ ਬੈਠਕ, ਪਿਛਲੇ ਇੱਕ ਸਾਲ ਤੋਂ ਡਬਲਯੂ.ਟੀ.ਓ. ਦੇ ਦੋਹਾ ਰਾਊਂਡ ਦੀ ਠੱਪ ਪਈ ਵਾਰਤਾ ਨੂੰ ਮੁੜ-ਸੁਰਜੀਤ ਕਰਨ ਦੇ ਉਦੇਸ਼ ਨਾਲ ਬੁਲਾਈ ਗਈ ਹੈ।

**ਮ.ਏ.ਲ.:** ਦੋਹਾ ਰਾਉਂਡ ਦੇ ਗਤੀਰੋਧ ਦਾ ਮੁੱਖ ਕਾਰਨ ਕੀ ਸੀ?

**ਜਗਦੀਸ਼ ਸਿੰਘ:** ਵਿਕਸਿਤ ਦੇਸ਼ਾਂ ਵਲੋਂ ਸਬਸਿਡੀ-ਪ੍ਰਾਪਤ ਦਰਾਮਦਾਂ



ਤੋਂ ਉਤਪੰਨ ਗੈਰ-ਬਰਾਬਰੀ ਦੇ ਮੁਕਾਬਲੇ ਦੇ ਖਤਰੇ ਤੋਂ ਬਚਣ ਦੇ ਨਿਯੁਨਤਮ ਸੁਰੱਖਿਆ ਉਪਾਵਾਂ ਤੇ ਸਾਡੀ ਸਰਕਾਰ ਨੇ ਜ਼ੋਰ ਦਿੱਤਾ ਸੀ। ਇਹ ਖਾਸ ਕਰ ਅਮਰੀਕਾ ਨੂੰ ਮਨਜ਼ੂਰ ਨਹੀਂ ਸੀ।

**ਮ.ਏ.ਲ:** ਆਪਣੀ ਸਰਕਾਰ ਡਬਲਯੂ.ਟੀ.ਓ. ਉੱਤੇ ਤਾਂ ਪਹਿਲਾਂ ਹੀ ਦਸਖਤ ਕਰ ਚੁੱਕੀ ਹੈ?

**ਜਗਦੀਸ਼ ਸਿੰਘ:** ਹਿੰਦੋਸਤਾਨ ਦੇ ਕਿਸਾਨ ਸਰਕਾਰ ਦੇ ਡਬਲਯੂ.ਟੀ.ਓ. ਉੱਤੇ ਦਸਖਤ ਕਰਨ ਦਾ ਸ਼ੁਰੂ ਤੋਂ ਹੀ ਵਿਰੋਧ ਕਰਦੇ ਆਏ ਹਨ।

**ਮ.ਏ.ਲ:** ਕਿਸਾਨਾਂ ਦੀ ਹਾਲਤ ਲਈ ਕੌਣ ਜਿਮੇਵਾਰ ਹੈ?

**ਜਗਦੀਸ਼ ਸਿੰਘ:** ਕਿਸਾਨਾਂ ਦੀ ਹਾਲਤ ਦੇ ਲਈ ਸਰਕਾਰ ਜਿਮੇਵਾਰ ਹੈ। ਉਹ ਆਪਣੀਆਂ ਨੀਤੀਆਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੇ ਫਾਇਦੇ ਨੂੰ ਧਿਆਨ 'ਚ ਰੱਖ ਕੇ ਬਣ ਰਹੀ ਹੈ। ਅੱਜ ਖੇਤੀ ਇੱਕ ਘਾਟੇ ਦਾ ਧੰਦਾ ਬਣ ਚੁੱਕੀ ਹੈ।ਡੇਢ ਲੱਖ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ।

**ਮ.ਏ.ਲ:** ਆਪਣੀ ਰੋਜ਼ੀ-ਰੋਟੀ ਅਤੇ ਜੀਵਨ ਮਿਆਰ ਦੀਆਂ ਸਮੱਸਿਆਵਾਂ ਹੱਲ ਕਰਨ ਲਈ, ਕਿਸਾਨ ਸਰਕਾਰ ਤੋਂ ਕੀ ਮੰਗ ਕਰ ਰਹੇ ਹਨ।

**ਜਗਦੀਸ਼ ਸਿੰਘ:** ਹਿੰਦੋਸਤਾਨ ਦੇ ਕਿਸਾਨਾਂ ਦੀ ਮੰਗ ਹੈ ਕਿ ਸਰਕਾਰ, ਫਸਲਾਂ ਦੀਆਂ ਸਮਰਥਨ ਕੀਮਤਾਂ ਦੀ ਗਣਨਾ ਦੀ ਸਮੀਖਿਆ ਕਰੇ। ਇਸ ਵਿੱਚ ਜ਼ਮੀਨ ਦਾ ਕਿਰਾਇਆ, (ਖੇਤ) ਮਜਦੂਰੀ, ਕਿਸਾਨ ਦੇ ਪ੍ਰੀਵਾਰ ਦੀ ਮਜਦੂਰੀ ਅਤੇ ਫਸਲ ਦੇ ਉਤਪਾਦਨ ਦੀਆਂ ਨਿਵੇਸ਼ ਲਾਗਤਾਂ ਦੇ ਮੁੱਲ ਨੂੰ ਸ਼ਾਮਲ ਕਰਕੇ ਅਤੇ ਘੱਟੋ-ਘੱਟ 50 ਪ੍ਰਤੀਸ਼ਤ ਲਾਭ-ਅੰਸ਼ ਜੋੜਕੇ ਸਮਰਥਨ ਕੀਮਤਾਂ ਘੋਸ਼ਤ ਕਰੇ।

**ਮ.ਏ.ਲ:** ਤੁਹਾਡੀਆਂ ਹੋਰ ਮੁੱਖ ਮੰਗਾਂ ਹਨ: ਸੋਕਾ-ਗ੍ਰਸਤ ਖੇਤਰਾਂ ਦੇ ਕਿਸਾਨਾਂ ਨੂੰ ਦਸ ਹਜ਼ਾਰ ਰਪਏ ਪ੍ਰਤੀ ਏਕਤਾ ਮੁਆਵਜ਼ਾ ਦਿੱਤਾ ਜਾਵੇ। ਕਰਜ਼ਿਆਂ ਉੱਤੇ ਸੋਕੇ ਦੇ ਸਮੇਂ ਦਾ ਵਿਆਜ ਅਤੇ ਬਿਜਲੀ ਬਿੱਲ ਤੇ ਲਗਾਨ ਆਦਿ ਮਾਫ ਕੀਤੇ ਜਾਣ ਅਤੇ ਅਗਲੀ ਫਸਲ ਦੀ ਬਿਜਾਈ ਲਈ ਮੁਫਤ ਬੀਜ ਦਿੱਤੇ ਜਾਣ।

## ਕੇਸ਼ਵ ਦੂਬੇ, ਸਕੱਤਰ, ਬੀ.ਕੇ.ਯੂ., ਬਲਾਕ


ਵਕਤ ਦੀ ਪੁਕਾਰ, ਜਾਣੀ ਕਿ ਹਿੰਦੋਸਤਾਨ ਦੇ ਨਵ-ਨਿਰਮਾਣ ਨੂੰ ਸਮਰਪਤ ਮੈਗਜ਼ੀਨ

ਗ਼ਦਰ ਜਾਰੀ ਹੈ

ਹਿੰਦੀ ਅਤੇ ਅੰਗਰੇਜ਼ੀ 'ਚ



Latest Issue

ਸਹਾਇਤਾ ਰਾਸ਼ੀ - 25 ਰੁ: (35 ਰੁ: ਡਾਕ ਖਰਚ ਸਮੇਤ),ਵਿਦੇਸ਼ - 20 ਅਮਰੀਕੀ ਡਾਲਰ
ਸਲਾਨਾ(4ਅੰਕ) - 100 ਰੁ: (140 ਰੁ: ਡਾਕ ਖਰਚ ਸਮੇਤ) ਵਿਦੇਸ਼ -80 ਅਮਰੀਕੀ ਡਾਲਰ
ਹਯਾਤੀ ਸਹਾਇਤਾ -1000ਰੁ: ਜਾਂ ਅਧਿਕ, ਵਿਦੇਸ਼ - 200 ਅਮਰੀਕੀ ਡਾਲਰ ਜਾਂ ਅਧਿਕ
ਕਾਪੀਆਂ ਲਈ ਸੰਪਰਕ ਕਰੋ: ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020




## ਰਾਜਗੜ੍ਹ, ਜਿਲ੍ਹਾ ਮਿਰਜ਼ਾਪੁਰ, ਉਤੱਰ ਪ੍ਰਦੇਸ਼ ਨਾਲ ਵਾਰਤਾ

**ਮ.ਏ.ਲ:** ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਤੁਸੀਂ ਕੀ ਕਰੋਗੇ?

**ਕੇਸ਼ਵ ਦੂਬੇ:** ਸਰਕਾਰ ਬਦਲ ਦਿਆਂਗੇ।

**ਮ.ਏ.ਲ:** ਏਸ ਤਰ੍ਹਾਂ ਸਰਕਾਰਾਂ ਤਾਂ ਹਿੰਦੋਸਤਾਨ ਦੇ ਮਜਦੂਰ ਤੇ ਕਿਸਾਨ ਪਿਛਲੇ 60 ਵਰ੍ਹਿਆਂ ਤੋਂ ਬਦਲਦੇ ਆਏ ਹਨ!

**ਕੇਸ਼ਵ ਦੂਬੇ:** ਤੁਸੀਂ ਠੀਕ ਕਹਿ ਰਹੇ ਹੋ। ਸਰਕਾਰਾਂ ਦੇਸ਼ ਦੇ ਮਜਦੂਰਾਂ ਅਤੇ ਕਿਸਾਨਾਂ ਦੇ ਹਿੱਤ 'ਚ ਕੰਮ ਨਹੀਂ ਕਰਦੀਆਂ।ਬਲਕਿ ਉਹ ਸਿਰਫ ਸਰਮਾਏਦਾਰਾਂ ਦੇ ਹਿਤਾਂ ਲਈ ਹੀ ਕੰਮ ਕਰਦੀਆਂ ਹਨ। ਅੱਜ ਜਿਸ ਤਰ੍ਹਾਂ ਕਿਸਾਨ ਦੁਖੀ ਹੈ, ਉਸੇ ਤਰ੍ਹਾਂ ਸ਼ਹਿਰਾਂ 'ਚ ਮਜਦੂਰ ਦੁਖੀ ਹੈ।

## ਹੀਰਾ ਲਾਲ, ਜਿਲ੍ਹਾ ਬਸਤੀ, ਉੱਤਰ ਪ੍ਰਦੇਸ਼ ਨਾਲ ਵਾਰਤਾ

**ਮ.ਏ.ਲ:** ਉੱਤਰ ਪ੍ਰਦੇਸ਼ ਦੇ ਕਿਨ੍ਹਾਂ-ਕਿਨ੍ਹਾਂ ਜਿਲ੍ਹਿਆਂ ਤੋਂ ਕਿਸਾਨ ਏਥੇ ਆਏ ਹਨ?

**ਹੀਰਾ ਲਾਲ:** ਗੋਂਡਾ, ਗੋਰਖਪੁਰ, ਦੇਵਰਿਆ, ਆਜ਼ਮਗੜ੍ਹ ਅਤੇ ਲੱਗ-ਭਗ 55 ਹੋਰ ਜਿਲ੍ਹਿਆਂ ਤੋਂ।

**ਮ.ਏ.ਲ:** ਤੁਹਾਡੇ ਉਥੇ ਕਿਸਾਨਾਂ ਦੀਆਂ ਕੀ ਸਮਸਿਆਵਾਂ ਹਨ?

**ਹੀਰਾ ਲਾਲ:** ਅਸੀਂ ਤਾਂ ਮਹਿੰਗਾਈ ਤੋਂ ਪ੍ਰੇਸ਼ਾਨ ਹਾਂ। ਖਾਣ ਦੀ ਚੀਜ ਹੋਵੇ ਜਾਂ ਫਸਲ ਉਗਾਉਣ ਦੀ, ਸੱਭ ਮਹਿੰਗੀਆਂ ਹਨ। ਸਾਨੂੰ ਪਿੰਡਾਂ 'ਚ ਖੰਡ 50 ਰੁਪਏ ਕਿਲੋ ਖ੍ਰੀਦਣੀ ਪੈਂਦੀ ਹੈ। ਜਿਸ ਕੀਮਤ ਤੇ ਸਰਕਾਰ ਸਾਡੇ ਤੋਂ ਗੰਨਾ ਖ੍ਰੀਦਦੀ ਹੈ, ਉਸ ਨਾਲ ਫਸਲ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ, ਸਾਡੀ ਮਿਹਨਤ ਦੀ ਤਾਂ ਗੱਲ ਹੀ ਛੱਡੋ।

**ਮ.ਏ.ਲ:** ਇਸਤੋਂ ਇਲਾਵਾ?

**ਹੀਰਾ ਲਾਲ:** ਸਾਨੂੰ ਸਮੇਂ ਸਿਰ ਖਾਦ ਅਤੇ ਬੀਜ ਨਹੀਂ ਮਿਲਦੇ। ਬਿਜਲੀ 24 ਘੰਟੇ 'ਚ ਮੁਸ਼ਕਲ ਨਾਲ 4 ਘੰਟੇ ਮਿਲਦੀ ਹੀ, ਪਰ ਬਿੱਲ ਪੂਰਾ ਭਰਨਾ ਪੈਂਦਾ ਹੈ। ਬਜੁਰਗ ਕਿਸਾਨਾਂ ਨੂੰ ਪੈਨਸ਼ਨ ਵੀ ਨਹੀਂ ਮਿਲਦੀ। ■

## ਖ਼ੁਰਾਕ ਦੇ ਅਧਿਕਾਰ ਦਾ ਘਾਣ...

ਸਫਾ 1 ਦੀ ਬਾਕੀ

ਉਚਿਤ ਮਾਤਰਾ 'ਚ ਖੁਰਾਕ ਉਪਲੱਬਧ ਕਰਵਾਉਣਾ ਇੰਨੀ ਵੱਡੀ ਸਮੱਸਿਆ ਨਹੀਂ ਹੈ। ਕੁਝ ਅਨਾਜ, ਦਾਲਾਂ ਤੇ ਕੁਝ ਦੂਸਰੀਆਂ ਖਾਣ ਵਾਲੀਆਂ ਚੀਜ਼ਾਂ ਦੇ ਉਤਪਾਦਨ ਨੂੰ ਵਧਾਉਣ ਦੀ ਜ਼ਰੂਰਤ ਹੈ ਤੇ ਖਾਣ ਵਾਲੇ ਪਦਾਰਥਾਂ ਦੇ ਉਤਪਾਦਨ ਤੇ ਵੰਡ ਦੀ ਚੰਗੀ ਵਿਵਸਥਾ ਦੀ ਜ਼ਰੂਰਤ ਹੈ, ਤਾਂਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਾਰਿਆਂ ਨੂੰ ਠੀਕ ਮਾਤਰਾ 'ਚ ਭੋਜਨ ਮਿਲ ਰਿਹਾ ਹੈ।

ਸਮੱਸਿਆ ਇਹ ਹੈ ਕਿ ਪੂੰਜੀਵਾਦ ਦੇ ਅੰਤਰਗਤ, ਸਾਰੇ ਉਤਪਾਦਨ ਸਮਾਜ ਦੀਆਂ ਆਮ ਜ਼ਰੂਰਤਾਂ ਨਾਲ ਨਹੀਂ, ਬਲਕਿ ਕੁਝ ਮੁੱਠੀਭਰ ਲੋਕਾਂ ਦੇ ਜ਼ਿਆਦਾ ਨਿੱਜੀ ਮੁਨਾਫਿਆਂ ਦੀ ਲਾਲਚ ਤੋਂ ਪ੍ਰੇਰਤ ਹਨ। ਇਹ ਪੂੰਜੀਵਾਦ ਦੀ ਵਿਸ਼ੇਸ਼ਤਾ ਹੈ ਕਿ ਇਕ ਪਾਸੇ ਜ਼ਿਆਦਾ ਉਤਪਾਦਨ ਤੇ ਭਰਪੂਰ ਭੰਡਾਰ ਮੌਜੂਦ ਹਨ ਤਾਂ ਦੂਜੇ ਪਾਸੇ ਲੱਖਾਂ ਮਜ਼ਦੂਰਾਂ ਤੇ ਕਿਸਾਨਾਂ ਨੂੰ ਖਾਣ ਵਾਲੇ ਪਦਾਰਥਾਂ ਦੀ ਭਾਰੀ ਥੁੜ ਹੈ। ਜਿਨ੍ਹਾਂ ਵਰ੍ਹਿਆਂ 'ਚ ਸਾਡੇ ਦੇਸ਼ 'ਚ ਚਾਵਲ, ਕਣਕ ਤੇ ਗੰਨੇ ਦੀ ਜ਼ਿਆਦਾ ਫ਼ਸਲ ਹੋਈ ਸੀ, ਉਨ੍ਹਾਂ ਵਰ੍ਹਿਆਂ 'ਚ ਵੀ ਪੂਰੇ ਦੇਸ਼ 'ਚ ਭੁੱਖ ਤੇ ਭੁੱਖਮਰੀ ਦੂਰ ਨਹੀਂ ਹੋਈ।

ਜੋ ਵੀ ਸਰਕਾਰਾਂ ਬਣੀਆਂ, ਉਨ੍ਹਾਂ ਨੇ ਕਦੀ ''ਜੈ ਕਿਸਾਨ'' ਦਾ ਨਾਅਰਾ ਦਿੱਤਾ ਹੈ ਤਾਂ ਕਦੀ ''ਗਰੀਬੀ ਹਟਾਓ'' ਦਾ, ਪਰ ਉਨ੍ਹਾਂ ਸਾਰਿਆਂ ਨੇ ਅਮੀਰਾਂ ਨੂੰ ਹੋਰ ਅਮੀਰ ਬਨਣ ਦੀ ਖੁਲ੍ਹ ਦਿੱਤੀ ਹੈ। ਜਦੋਂ ਵੀ ਖਾਣ ਵਾਲੇ ਪਦਾਰਥਾਂ ਦੀ ਕਮੀ ਹੋਈ ਹੈ, ਤਦ ਹੀ ਜਮਾਂਖੋਰੀ ਤੇ ਮੁਨਾਫਾਖੋਰੀ ਨੂੰ ਪੂਰੀ ਖੁਲ੍ਹ ਦਿੱਤੀ ਗਈ ਹੈ। ਮੌਜੂਦਾ ਪ੍ਰਧਾਨ ਮੰਤਰੀ ਨੇ 8 ਅਗਸਤ ਨੂੰ ਆਪਣੇ ਭਾਸ਼ਣ 'ਚ ਕਿਹਾ ਕਿ ਅਸੀਂ ''ਭੁੱਖ ਨੂੰ ਮਿਟਾਵਾਂਗੇ''। ਪਰ ਉਹ ਹਿੰਦੁਸਤਾਨ ਤੇ ਦੁਨੀਆਂ ਦੇ ਸਭ ਤੋਂ ਵੱਡੇ ਸੱਟੇਬਾਜ਼ਾਂ ਤੇ ਇਜਾਰੇਦਾਰ ਕੰਪਨੀਆਂ ਦੇ ਹਿਤਾਂ ਦੀ ਹਮਾਇਤ ਕਰ ਰਿਹਾ ਹੈ, ਜਿਨ੍ਹਾਂ ਦਾ ਲਾਲਚ ਹੀ ਸਾਰੀ ਭੁੱਖਮਰੀ ਲਈ ਜ਼ਿੰਮੇਵਾਰ ਹੈ।

1991 'ਚ ਜਦ ਮਨਮੋਹਨ ਸਿੰਘ ਵਿੱਤ ਮੰਤਰੀ ਸੀ ਤੇ ਉਦਾਰੀਕਰਣ ਦਾ ਪਹਿਲਾ ਦੌਰ ਸ਼ੁਰੂ ਕੀਤਾ ਗਿਆ, ਉਦੋਂ ਤੋਂ ਹਿੰਦੁਸਤਾਨ ਦੀ ਸਰਕਾਰ ਜ਼ਰੂਰੀ ਖਾਣ ਵਾਲੇ ਪਦਾਰਥਾਂ ਦੇ ਵਪਾਰ ਤੇ ਪੂਰਤੀ ਦੇ ਪ੍ਰਬੰਧ ਦੀ ਆਪਣੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਈ ਹੈ। ਸਰਕਾਰ ਨੇ ਗੈਰ-ਬਰਾਬਰ ਵਪਾਰ ਦੇ ਜ਼ਰੀਏ ਮੋਟੇ ਮੁਨਾਫੇ ਕਮਾਉਣ ਵਾਲੀਆਂ ਵੱਡੀਆਂ-ਵੱਡੀਆਂ ਕੰਪਨੀਆਂ ਵੱਲੋਂ ਕਿਸਾਨਾਂ ਦੀ ਲੁੱਟ ਤੇ ਪ੍ਰਚੂਨ ਬਾਜ਼ਾਰ 'ਚ ਖਾਣ ਵਾਲੇ ਪਦਾਰਥਾਂ ਦੀ ਵਧਦੀਆਂ ਕੀਮਤਾਂ ਦੇ ਜ਼ਰੀਏ ਮਿਹਨਤਕਸ਼ਾਂ ਦੀ ਲੁੱਟ ਨੂੰ ਬਹੁਤ ਵਧਣ ਦਿੱਤਾ ਹੈ।

ਠੀਕ ਮਾਤਰਾ 'ਚ ਖਾਣ ਵਾਲੇ ਪਦਾਰਥਾਂ ਤੇ ਉਨ੍ਹਾਂ ਦੀ ਗੁਣਵੱਤਾ 'ਚ ਤਰਤੀਬਵਾਰ ਵਾਧਾ ਤਦ ਤੱਕ ਨਹੀਂ ਹੋ ਸਕਦਾ ਜਦ ਤਕ ਖਾਣ ਵਾਲੇ ਪਦਾਰਥਾਂ ਦੀ ਵੰਡ ਦੇ ਖੇਤਰ 'ਚ ਨਿੱਜੀ ਮੁਨਾਫਾਖੋਰੀ ਨੂੰ ਦੂਰ ਨਹੀਂ ਕੀਤਾ ਜਾਵੇਗਾ।

## ਚੋਣ ਵਾਅਦੇ ਤੇ ਰਾਸ਼ਟਰਪਤੀ ਦੀ ਵਚਨਬੱਧਤਾ

2009 ਦੀਆਂ ਆਮ ਚੋਣਾਂ ਦੇ ਸਮੇਂ, ਕਈ ਪਾਰਟੀਆਂ ਨੇ ਘੱਟ ਤੋਂ ਘੱਟ ਕੀਮਤ 'ਤੇ ਜਨਤਾ ਨੂੰ ਅਨਾਜ ਮੁਹੱਈਆ ਕਰਾਉਣ ਦੇ ਵਾਅਦੇ ਕਰਨ 'ਚ, ਆਪਸ ਵਿਚ ਬਹੁਤ ਮੁਕਾਬਲਾ ਕੀਤਾ ਸੀ। ਖਾਸ ਤੌਰ 'ਤੇ ਕਾਂਗਰਸ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਗਰੀਬੀ ਰੇਖਾ ਤੋਂ ਹੇਠਲੇ (ਬੀ.ਪੀ. ਐਲ.) ਹਰ ਪਰਿਵਾਰ ਨੂੰ ਹਰ ਮਹੀਨਾ ਕਨੂੰਨ ਦੇ ਅਧਾਰ 'ਤੇ 3 ਰੁਪਏ ਪ੍ਰਤੀ ਕਿਲੋ ਦੀ ਕੀਮਤ 'ਤੇ 25 ਕਿਲੋ ਚਾਵਲ ਜਾਂ ਕਣਕ ਮਿਲੇਗੀ। ਦੂਸਰੀ ਸੰਪ੍ਰਗ ਸਰਕਾਰ ਦੇ ਗਠਨ ਦੇ ਸਮੇਂ ਜਦ ਪ੍ਰਤਿਭਾ ਪਾਟਿਲ ਨੇ ਜਨਤਾ ਨੂੰ ਸੰਬੋਧਨ ਕੀਤਾ ਸੀ, ਤਦ ਉਨ੍ਹਾਂ ਨੇ ਇਹ ਵਾਅਦਾ ਕੀਤਾ ਸੀ ਕਿ ਕਾਂਗਰਸ ਪਾਰਟੀ ਦੇ ਚੋਣ ਵਾਅਦੇ ਨੂੰ ਪੂਰਾ ਕਰਨ ਦੇ ਲਈ ਇਕ ਰਾਸ਼ਟਰੀ ਖੁਰਾਕ ਸੁਰੱਖਿਆ ਅਧੀਨਿਯਮ (ਐਨ. ਐਫ. ਐਸ. ਏ.) ਬਣਾਇਆ ਜਾਵੇਗਾ, ਯਾਨੀ ਖਾਣ ਦੇ ਅਧਿਕਾਰ ਦੀ ਰੱਖਿਆ ਦੇ ਲਈ ਸੀਮਤ ਸਫਲਾਲੀ ਯੋਜਨਾ ਨੂੰ ਕਨੂੰਨ 'ਚ ਬਦਲ ਦਿੱਤਾ ਜਾਵੇਗਾ।

ਇਸ ਤੋਂ ਬਾਅਦ ਐਨ. ਐਫ. ਐਸ. ਏ. ਦੇ ਬਾਰੇ 'ਚ ਬਹੁਤ ਚਰਚਾ ਹੋਈ ਹੈ, ਪਰ ਕਨੂੰਨ ਦੇ ਮਸੌਦੇ ਦਾ ਅਜੇ ਵੀ ਇੰਤਜ਼ਾਰ ਹੈ। ਸਰਕਾਰ ਦੀ ਸੋਚ ਦਾ ਇਕਮਾਤਰ ਸਬੂਤ ਇਕ ਕਾਂਸੈਪਟ ਨੋਟ ਹੈ, ਜਿਸ ਨੂੰ ਖਪਤਕਾਰ ਵਿਸ਼ਿਆਂ ਦੇ ਕੇਂਦਰੀ ਮੰਤਰਾਲੇ 'ਚ ਖੁਰਾਕ ਤੇ ਸਰਬਜਨਕ ਵੰਡ ਵਿਭਾਗ ਦੇ ਬੁਲਾਰੇ ਵੱਲੋਂ ਸਾਰੀਆਂ ਰਾਜ ਸਰਕਾਰਾਂ ਨੂੰ 4 ਜੂਨ ਨੂੰ ਭੇਜਿਆ ਗਿਆ ਸੀ। ਉਸ ਕਾਂਸੈਪਟ ਨੋਟ 'ਚ ਸਰਕਾਰ ਦੇ ਇਰਾਦਿਆਂ ਨੂੰ ਇਸ ਤਰ੍ਹਾਂ ਦੱਸਿਆ ਗਿਆ ਹੈ ਕਿ: ''ਸਾਰਿਆਂ ਨੂੰ ਖੁਰਾਕ ਸੁਰੱਖਿਆ ਯਕੀਨੀ ਬਨਾਉਣ ਦੇ ਢਾਂਚੇ ਦਾ ਕਨੂੰਨੀ ਅਧਾਰ ਬਨਾਉਣਾ।''

ਨੋਟ ਦੇ ਸ਼ੁਰੂ 'ਚ ਖੁਰਾਕ ਸੁਰੱਖਿਆ ਦੀ ਇਹ ਪਰਿਭਾਸ਼ਾ ਦਿੱਤੀ ਗਈ ਹੈਂ ''ਇਸ ਤਰ੍ਹਾਂ ਦੀ ਸਥਿਤੀ ਜਿਸ'ਚ ਸਾਰੇ ਵਿਅਕਤੀਆਂ ਨੂੰ ਸਾਰੇ ਸਮੇਂ ਸਰੀਰਕ, ਸਮਾਜਿਕ ਤੇ ਆਰਥਕ ਤੌਰ 'ਤੇ ਉਚਿਤ, ਸੁਰੱਖਿਅਤ ਤੇ ਪੌਸ਼ਕ ਆਹਾਰ ਉਪਲੱਬਧ ਹੋਣ।'' ਪਰ ਅੱਗੇ ਚੱਲ ਕੇ ਨੋਟ 'ਚ ਮੁੱਖ ਰੂਪ ਨਾਲ, ਸਭ ਤੋਂ ਹਾਲੀਆ ਗਰੀਬੀ ਦੇ ਅੰਦਾਜ਼ੇ ਦੇ ਆਧਾਰ 'ਤੇ ਬੀ. ਪੀ. ਐਲ. ਦੀ ਸੰਖਿਆ ਨਿਰਧਾਰਤ ਕਰਨ ਦੀ ਗੱਲ ਕਹੀ ਗਈ ਹੈ। ਰਾਜਾਂ 'ਚ ਬੀ. ਪੀ. ਐਲ. ਦੀ ਸੰਖਿਆ ਨੂੰ ਕਿਸ ਤਰ੍ਹਾਂ ਸੀਮਤ ਕੀਤਾ ਜਾਵੇਗਾ, ਕਿਸ ਤਰ੍ਹਾਂ ਹਰੇਕ ਰਾਜ ਦੇ ਲਈ ਕੇਂਦਰ ਇਸ ਨੂੰ ਨਿਰਧਾਰਤ ਕਰੇਗਾ, ਇਸ 'ਤੇ ਕਾਫੀ ਚਰਚਾ ਕੀਤੀ ਗਈ ਹੈ। ''ਸਾਰੇ ਲੋਕਾਂ'' ਨੂੰ ਖਾਣ ਵਾਲੇ ਪਦਾਰਥ ਮੁਹੱਈਆ ਕਰਾਉਣ ਦੇ ਵਾਅਦੇ 'ਤੇ ਕੋਈ ਚਰਚਾ ਨਹੀਂ ਹੈ। ਨੋਟ 'ਚ ਸਾਫ-ਸਾਫ਼ ਕਿਹਾ ਗਿਆ ਹੈ ਕਿ ''ਕੇਂਦਰ ਸਰਕਾਰ ਏ.ਪੀ.ਐਲ. ਤਬਕੇ ਦੇ ਲਈ ਕੇਂਦਰੀ ਸੰਗ੍ਰਹਿ ਤੋਂ ਅਨਾਜ ਦੀ ਸਪਲਾਈ/ ਵੰਡ ਦੀ ਗਰੰਟੀ ਨਹੀਂ ਦੇ ਸਕਦੀ'' ਖੁਰਾਕ ਦੀ ਸੁਰੱਖਿਆ ਦੀ ਸਰਕਾਰ ਦੀ ਆਪਣੀ ਪਰਿਭਾਸ਼ਾ ਪ੍ਰਤੀ ਇਹੀ ਹੈ ਉਸਦੀ ਵਚਨਬੱਧਤਾ!

1997 'ਚ ਸਰਕਾਰ ਨੇ ਉਪਚਾਰਕ ਤੌਰ 'ਤੇ ਸਰਬਵਿਆਪਕ ਸਰਬਜਨਕ ਵੰਡ ਪ੍ਰਣਾਲੀ (ਪੀ. ਡੀ. ਐਸ.) ਨੂੰ ਰੱਦ ਕਰ ਦਿੱਤਾ, ਜਿਸ ਨੂੰ ਕ੍ਰਮਵਾਰ ਟੁੱਟਣ ਦਿੱਤਾ ਗਿਆ ਸੀ। ਉਸ ਦੀ ਜਗ੍ਹਾ 'ਤੇ ਖਾਸ ਨਿਸ਼ਾਨੇ ਵਾਲੀ ਸਰਬਜਨਕ ਵੰਡ ਪ੍ਰਣਾਲੀ (ਟੀ. ਪੀ. ਡੀ. ਐਸ.) ਨੂੰ ਲਾਗੂ ਕੀਤਾ ਗਿਆ। ਟੀ. ਪੀ. ਡੀ. ਐਸ. ਤਹਿਤ, ਪਰਿਵਾਰਾਂ ਨੂੰ ਆਮਦਨ ਦੇ ਆਧਾਰ 'ਤੇ ''ਗਰੀਬੀ ਰੇਖਾ 'ਤੋਂ ਹੇਠਾਂ'' (ਬੀ. ਪੀ. ਐਲ.) ਤੇ ''ਗਰੀਬੀ ਰੇਖਾ ਤੋਂ ਉੱਪਰ'' (ਏ. ਪੀ. ਐਲ.) 'ਚ ਵੰਡਿਆ ਗਿਆ। ਇਨ੍ਹਾਂ ਦੋਵਾਂ ਤਬਕਿਆਂ ਨੂੰ ਅਲੱਗ-ਅਲੱਗ ਕੀਮਤਾਂ 'ਤੇ , ਅਲੱਗ-ਅਲੱਗ ਮਾਤਰਾ 'ਚ ਖਾਣ ਵਾਲੇ ਪਦਾਰਥ ਦਿਵਾਉਣ ਦੇ ਨਾਂਅ 'ਤੇ ਇਸ ਤਰ੍ਹਾਂ ਕੀਤਾ ਗਿਆ।

ਕੌਣ ਗਰੀਬ ਹੈ ਤੇ ਕੌਣ ਨਹੀਂ, ਇਸ ਵਿਸ਼ੇ 'ਤੇ ਪੂੰਜੀਪਤੀ ਵਰਗ ਦੀ ਸਰਕਾਰੀ ਮਸ਼ੀਨਰੀ ਦਾ ਦੋਗਲਾਪਣ ਹਰ ਰੋਜ਼ ਨਜ਼ਰ ਆਉਂਦਾ ਹੈ। ਗਰੀਬੀ ਦੀ ਪਰਿਭਾਸ਼ਾ ਦੇਣ ਲਈ ਕਈ ਸਰਕਾਰੀ ਅਯੋਗ ਤੇ ਮਾਹਿਰ ਸਮੂਹ ਬਿਠਾਏ ਗਏ ਹਨ। ਇਸ ਸਮੇਂ ਸਰਕਾਰ ਆਮਦਨ ਦੇ ਇਕ ਖਾਸ ਪੱਧਰ ਨੂੰ ਗਰੀਬੀ ਰੇਖਾ ਮੰਨਦੀ ਹੈ। ਮਨੁੱਖ ਦੇ ਸਰੀਰ

ਨੂੰ ਜਿੰਦਾ ਰੱਖਣ ਲਈ ਖਾਣ ਵਾਲੇ ਪਦਾਰਥਾਂ ਦੇ ਨਿਊਨਤਮ ਕੈਲਰੀ ਖਰੀਦਣ ਦੀ ਕੀਮਤ ਨੂੰ ਅੱਜ ਗਰੀਬੀ ਰੇਖਾ ਮੰਨਿਆ ਜਾਂਦਾ ਹੈ। ਜੋ ਵੀ ਇਸ ਤੋਂ ਜ਼ਿਆਦਾ ਕਮਾਉਂਦਾ ਹੈ, ਉਸ ਨੂੰ ਗਰੀਬ ਨਹੀਂ ਮੰਨਿਆ ਜਾਂਦਾ ਹੈ! ਇਸ ਆਮਦਨ ਪੱਧਰ ਨੂੰ ਨਿਰਧਾਰਤ ਕਰਨ 'ਚ ਪਰਿਵਾਰ ਦੀਆਂ ਉਨ੍ਹਾਂ ਜ਼ਰੂਰਤਾਂ ਦੀ ਗਿਣਤੀ ਨਹੀਂ ਕੀਤੀ ਜਾਂਦੀ, ਜੋ ਅੱਜ ਦੇ ਹਾਲਾਤਾਂ 'ਚ ਸਨਮਾਨ ਦੇ ਨਾਲ ਚੰਗੇ ਢੰਗ ਨਾਲ ਜੀਉਣ ਦੇ ਲਈ ਜ਼ਰੂਰੀ ਹਨ।

ਪੂੰਜੀਵਾਦ ਦੇ ਚੱਲਦੇ, ਪਿੰਡਾਂ ਤੇ ਸ਼ਹਿਰਾਂ 'ਚ ਅਬਾਦੀ ਦੇ ਬਹੁਤ ਵੱਡੇ ਹਿੱਸੇ ਦੀਆਂ ਹਾਲਤ ਬਹੁਤ ਨਾਜ਼ੁਕ ਹੈ ਤੇ ਡਿਗਦੀ-ਚੜ੍ਹਦੀ ਰਹਿੰਦੀ ਹੈ। ਕਿਸੇ ਮੌਸਮ 'ਚ ਫਸਲ ਖਰਾਬ ਹੋ ਜਾਣ ਨਾਲ, ਪਰਿਵਾਰ 'ਚ ਅਚਾਨਕ ਕਿਸੇ ਦੇ ਬਿਮਾਰ ਪੈ ਜਾਣ ਨਾਲ, ਮੁੱਖ ਰੋਟੀ ਕਮਾਉਣ ਵਾਲੇ ਦੀ ਨੌਕਰੀ ਜਾਣ ਨਾਲ ਜਾਂ ਉਸ ਦੀ ਮੌਤ ਹੋ ਜਾਣ ਦੇ ਨਾਲ, ਪਰਿਵਾਰ ਦੇ ਜੀਵਨ ਪੱਧਰ 'ਚ ਭਾਰੀ ਬਦਲਾਅ ਆ ਸਕਦਾ ਹੈ। ਕਿਸੇ ਇਕ ਵਰ੍ਹੇ ਦੀ ਸਥਿਤੀ ਦੇ ਆਧਾਰ 'ਤੇ 'ਗਰੀਬ' ਜਾਂ 'ਗਰੀਬ ਨਹੀਂ' ਦੀ ਪਰਿਭਾਸ਼ਾ ਦੇਣਾ, ਫਿਰ ਉਸ ਨੂੰ ਅਗਲੇ ਪੰਜ ਸਾਲ ਤੱਕ ਨਾ ਬਦਲਣਾ ਤੇ ਉਸ ਦੇ ਆਧਾਰ 'ਤੇ ਇਹ ਤੈਅ ਕਰਨਾ ਕਿ ਪੀ. ਡੀ. ਐਸ. 'ਚ ਕਿਸ ਨੂੰ ਖੁਰਾਕ ਮਿਲੇਗੀ ਤੇ ਕਿਸ ਨੂੰ ਨਹੀਂ ਮਿਲੇਗੀ, ਇਹ ਬਹੁਤ ਹੀ ਬੇਤੁਕਾ ਹੈ।

ਅਨੇਕਾਂ ਸਬੂਤਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਟੀ. ਪੀ. ਡੀ. ਐਸ. ਅਸਲੀਅਤ 'ਚ ਅਬਾਦੀ ਦੇ ਸਭ ਤੋਂ ਗਰੀਬ ਤਬਕਿਆਂ ਦੇ ਜ਼ਿਆਦਾਤਰ ਲੋਕਾਂ ਨੂੰ ਘੱਟ ਤੋਂ ਘੱਟ ਜ਼ਰੂਰੀ ਖਾਣ ਵਾਲੇ ਪਦਾਰਥਾਂ ਤੋਂ ਵੀ ਵਾਂਝਿਆ ਕਰਦੀ ਹੈ। ਜਦ ਤੋਂ ਟੀ. ਪੀ. ਡੀ. ਐਸ. ਨੂੰ ਲਾਗੂ ਕੀਤਾ ਗਿਆ ਹੈ, ਤਦ ਤੋਂ ਪੀ. ਡੀ. ਐਸ. ਦੇ ਜ਼ਰੀਏ ਖੁਰਾਕ ਵੰਡ ਤੇ ਉਸ ਨੂੰ ਪਾਉਣ ਵਾਲਿਆਂ ਦੀ ਸੰਖਿਆ ਬਹੁਤ ਘੱਟ ਗਈ ਹੈ। ਹਜ਼ਾਰਾਂ ਗਰੀਬ ਲੋਕਾਂ ਨੂੰ ਬੀ. ਪੀ. ਐਲ. ਕਾਰਡ ਨਹੀਂ ਮਿਲਿਆ। (ਟੇਬਲ ਦੇਖੋ)। ਲੋਕ ਸਮਝ ਚੁੱਕੇ ਹਨ ਕਿ ਟੀ. ਪੀ. ਡੀ. ਐਸ. ਦੇ ਪਿੱਛੇ ਸਰਕਾਰ ਦੇ ਬੇਹੱਦ ਘਟੀਆ ਇਰਾਦੇ ਹਨ, ਕਿ ਸਭ ਤੋਂ ਜ਼ਰੂਰਤਮੰਦ ਨੂੰ ਖੁਰਾਕ ਦਿਵਾਉਣਾ ਟੀ. ਪੀ. ਡੀ. ਐਸ. ਦਾ ਅਸਲੀ ਇਰਾਦਾ ਨਹੀਂ ਹੈ।

ਖੁਰਾਕ ਦੇ ਸਰਬਵਿਆਪਕ ਹੱਕ ਨੂੰ ਮੰਨਣ ਦੀ ਬਜਾਏ, ਸੁਰੱਖਿਅਤ ਖੁਰਾਕ ਦੀ ਪੂਰਤੀ ਨੂੰ ਰਾਜਨੀਤਕ ਤੌਰ 'ਤੇ ਸ਼ਕਤੀਸ਼ਾਲੀ ਲੋਕਾਂ ਵੱਲੋਂ ਕਿਸੇ ਨੂੰ ਦਿੱਤੀ ਜਾਣ ਵਾਲੀ ਜਾਂ ਕਿਸੇ ਹੋਰ ਮਨ੍ਹਾਂ ਕਰਨ ਵਾਲੀ ਚੀਜ਼ 'ਚ, ਇੱਕ ਸੁਭਾਗ 'ਚ, ਤਬਦੀਲ ਕਰ ਦਿੱਤਾ ਗਿਆ ਹੈ।

## ਖਾਧ-ਵਸਤਾਂ ਦੀਆਂ ਵਧਦੀਆਂ ਕੀਮਤਾਂ

**3 ਸਤੰਬਰ 2009 ਦੀ ਰਿਪੂਟ**

- ਇੱਕ ਵਰ੍ਹਾ ਪਹਿਲਾਂ ਦੀ ਤੁਲਨਾ 'ਚ ਅੱਜ ਖਾਧ-ਵਸਤਾਂ ਦੀ ਕੀਮਤ ਦਾ ਸੂਚਕ ਅੰਕ 14.5 ਪ੍ਰਤੀਸ਼ਤ ਵਧ ਗਿਆ ਹੈ।
- ਖੰਡ ਦੀ ਕੀਮਤ 37 ਪ੍ਰਤੀਸ਼ਤ, ਅਨਾਜਾਂ ਦੀ 12.6 ਪ੍ਰਤੀਸ਼ਤ, ਦਾਲਾਂ ਦੀ 21.6 ਪ੍ਰਤੀਸ਼ਤ ਵਧ ਗਈ ਹੈ।

**ਪਿਛਲੇ ਪੰਜ ਸਾਲਾਂ ਦੁਰਾਨ ਕੀਮਤਾਂ ਦਾ ਵਾਧਾ**

- 2004-2008: ਚੌਲਾਂ ਦੀ ਕੀਮਤ 'ਚ 45%, ਕਣਕ ਦੀ ਕੀਮਤ 'ਚ 60% ਅਤੇ ਆਟੇ, ਖਾਣ ਵਾਲੇ ਤੇਲ, ਦਾਲਾਂ, ਦੁੱਧ ਅਤੇ ਨਮਕ ਦੀਆਂ ਕੀਮਤਾਂ 'ਚ 30-40% ਵਾਧਾ ਹੋਇਆ।
- ਅਗਸਤ 2008-ਜੁਲਾਈ 2009: ਅਰਹਰ ਦਾਲ ਦੀ ਕੀਮਤ 44 ਰੁਪਏ ਤੋਂ ਵਧ ਕੇ 80 ਰੁਪਏ ਪ੍ਰਤੀ ਕਿਲੋ ਹੋ ਗਈ, ਜਾਣੀ 80% ਤੋਂ ਜਿਆਦਾ ਵਧੀ। ਪਿਛਲੇ ਪੰਜ ਵਰ੍ਹਿਆਂ 'ਚ ਅਰਹਰ ਦਾਲ ਦੀ ਕੀਮਤ ਕਮ-ਸ-ਕਮ ਤਿੰਨ-ਗੁਣਾ ਵਧੀ ਹੈ। ਹੋਰ ਦਾਲਾਂ ਵੀ ਬਹੁਤ ਮਹਿੰਗੀਆਂ ਹੋ ਗਈਆਂ ਹਨ।

## ਖੁਰਾਕ ਦਾ ਅਧਿਕਾਰ

ਖੁਰਾਕ ਦਾ ਅਧਿਕਾਰ ਕਿਸੇ ਵੀ ਇਨਸਾਨ ਦਾ ਬੁਨਿਆਦੀ ਅਧਿਕਾਰ ਹੈ, ਤੇ 21ਵੀਂ ਸਦੀ 'ਚ ਜੋ ਵੀ ਸਰਕਾਰ ਇਸ ਅਧਿਕਾਰ ਨੂੰ ਯਕੀਨੀ ਨਹੀਂ ਬਣਾ ਸਕਦੀ, ਉਹ ਰਾਜ ਕਰਨ ਦੇ ਯੋਗ ਨਹੀਂ ਹੈ। ਇਸ ਅਧਿਕਾਰ ਦਾ ਇਹ ਆਧਾਰ ਹੈ ਕਿ ਇਸ ਜ਼ਮਾਨੇ 'ਚ, ਜਦ ਉਤਪਾਦਨ ਤੇ ਵੰਡ ਦੇ ਅਜੋਕੇ ਸਾਧਨ ਸਮਾਜ 'ਚ ਉਪਲੱਬਧ ਹਨ, ਤਦ ਕਿਸੇ ਨੂੰ ਭੁੱਖਾ ਨਹੀਂ ਰਹਿਣਾ ਚਾਹੀਦਾ। ਇਸ ਅਧਿਕਾਰ ਨੂੰ ਯਕੀਨੀ ਬਨਾਉਣ ਦੇ ਲਈ ਕੀ ਚਾਹੀਦਾ ਹੈ?

ਪਹਿਲਾਂ, ਇਕ ਸਰਬਵਿਆਪਕ ਸਰਬਜਨਕ ਵੰਡ ਪ੍ਰਣਾਲੀ ਹੋਣੀ ਚਾਹੀਦੀ ਹੈ, ਨਾ ਕਿ ਲੋਕਾਂ ਨੂੰ ਏ. ਪੀ. ਐਲ. ਤੇ ਬੀ. ਪੀ. ਐਲ.'ਚ ਵੰਡਣ ਵਾਲੀ ਵਿਵਸਥਾ, ''ਵਿਸ਼ੇਸ਼ ਤਬਕੇ ਨੂੰ ਨਿਸ਼ਾਨਾ ਬਨਾਉਣ'' ਦੇ ਨਾਂਅ 'ਤੇ, ਸਮਾਜ 'ਚ ਬਟਵਾਰਾ ਪੈਦਾ ਕੀਤਾ ਜਾਂਦਾ ਹੈ ਤੇ ਜਿਨ੍ਹਾਂ ਨੂੰ ਖੁਰਾਕ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਹੀ ਇਹ ਨਹੀਂ ਮਿਲਦੀ। ਲੋਕਾਂ ਨੂੰ ਕਈ ਅਲੱਗ-ਅਲੱਗ ਯੋਜਨਾਵਾਂ-ਟੀ. ਪੀ. ਡੀ. ਐਸ., ਆਦਿ 'ਚ ਵੰਡ ਦਿੱਤਾ ਜਾਂਦਾ ਹੈ ਤੇ ਇਹ 'ਗਰੀਬ ਤੋਂ ਗਰੀਬ ਨੂੰ ਖੁਰਾਕ ਯਕੀਨੀ ਬਨਾਉਣ ਦੇ ਲਈ'' ਦੇ ਨਾਂਅ 'ਤੇ ਕੀਤਾ ਜਾਂਦਾ ਹੈ। ਪਰ ਕੁਝ ਸ਼ਕਤੀਸ਼ਾਲੀ ਲੋਕਾਂ ਨੂੰ ਹੀ ਇਸ ਦਾ ਫਾਇਦਾ ਮਿਲਦਾ ਹੈ, ਜਦ ਕਿ ਕਮਜ਼ੋਰ ਲੋਕਾਂ ਨੂੰ ਕੁਝ ਨਹੀਂ ਮਿਲਦਾ।

ਦੂਸਰਾ, ਸਿਰਫ ਕਣਕ ਤੇ ਚਾਵਲ ਦੀ ਵੰਡ ਕਰਨਾ ਕਾਫ਼ੀ ਨਹੀਂ ਹੈ। ਪੋਸ਼ਣ ਦੇ ਲਈ ਹੋਰ ਪ੍ਰਕਾਰ ਦੇ ਅਨਾਜ, ਦਾਲਾਂ, ਦੁੱਧ, ਅੰਡੇ, ਤੇਲ, ਸਬਜ਼ੀਆਂ ਤੇ ਸਾਫ ਪੀਣ ਵਾਲੇ ਪਾਣੀ ਦੀ ਜ਼ਰੂਰਤ ਹੈ। ਇਸ ਲਈ ਅਬਾਦੀ ਦੇ ਕਿਸੇ ਵੀ ਤਬਕੇ ਦੇ ਪੋਸ਼ਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਸਿਰਫ਼ 25 ਕਿਲੋ ਜਾਂ 35 ਕਿਲੋ ਚਾਵਲ ਜਾਂ ਕਣਕ 'ਤੇ ਚਰਚਾ ਕਰਨਾ ਕਾਫ਼ੀ ਨਹੀਂ ਹੈ।

ਤੀਸਰਾ, ਹਰੇਕ ਵਿਅਕਤੀ ਨੂੰ ਪੀ. ਡੀ. ਐਸ. ਦਾ ਲਾਭ ਮਿਲਣਾ ਚਾਹੀਦਾ ਹੈ। ਜੇਕਰ ਇਕ ਪਰਿਵਾਰ ਨੂੰ ਇਕਾਈ ਮੰਨਿਆ ਜਾਂਦਾ ਹੈ, ਤਾਂ ਪਰਿਵਾਰ 'ਚ ਬੁੱਢਿਆਂ ਤੇ ਬੱਚਿਆਂ ਦੀ ਅਸਲੀ ਸੰਖਿਆ ਦੀ ਗਿਣਤੀ ਕਰਨ ਦੀ ਜ਼ਰੂਰਤ ਹੈ। ਹਿੰਦੁਸਤਾਨ 'ਚ ਅਲੱਗ-ਅਲੱਗ ਘਰਾਂ 'ਚ ਮੈਂਬਰਾਂ ਦੀ ਸੰਖਿਆ 'ਚ ਬਹੁਤ ਅੰਤਰ ਹੁੰਦਾ ਹੈ, ਇਸ ਲਈ ਕਿਸੇ ਘਰ ਦੇ ਮੈਂਬਰਾਂ ਦੀ ਕੋਈ ਪਹਿਲਾਂ ਤੋਂ ਨਿਰਧਾਰਤ ਸੰਖਿਆ ਨਹੀਂ ਦਿੱਤੀ ਜਾ ਸਕਦੀ ਹੈ। ਮਿਸਾਲ ਦੇ ਤੌਰ 'ਤੇ, ਕਿਸੇ ਇਕ ਘਰ 'ਚ ਅਕਸਰ ਕਈ ਪਰਿਵਾਰ ਨਾਲ ਮਿਲ ਕੇ ਰਹਿੰਦੇ ਹਨ।

ਖਾਣ ਵਾਲੇ ਪਦਾਰਥਾਂ ਦੇ ਵਪਾਰ ਨੂੰ ਸੱਟੇਬਾਜ਼ਾਂ ਤੇ ਮੁਨਾਫਾਖੋਰਾਂ ਦੇ ਹਿਤ 'ਚ ਚਲਾਏ ਜਾਣ ਤੋਂ ਰੋਕਣਾ ਹੋਵੇਗਾ। ਖਾਣ ਵਾਲੇ ਪਦਾਰਥਾਂ 'ਚ ਵਾਅਦਾ ਵਪਾਰ ਨੂੰ ਫ਼ੌਰਨ ਰੋਕਣਾ ਹੋਵੇਗਾ। ਸਰਕਾਰ ਨੂੰ ਖਾਣ ਵਾਲੇ ਪਦਾਰਥਾਂ ਦਾ ਥੋਕ ਤੇ ਪ੍ਰਚੂਨ ਵਪਾਰ ਚਲਾਉਣਾ ਹੋਵੇਗਾ ਤੇ ਉਸ ਨੂੰ ਸਥਾਨਕ ਪੱਧਰ 'ਤੇ ਜਨਤਾ ਦੇ ਨਿਯੰਤਰਨ 'ਚ ਲਿਆਉਣਾ ਹੋਵੇਗਾ। ਖੁਦਰਾ ਵੰਡ ਦੀਆਂ ਦੁਕਾਨਾਂ ਨੂੰ ਇਸ ਤਰ੍ਹਾਂ ਦੀਆਂ

ਥਾਵਾਂ ’ਤੇ ਲਗਾਉਣਾ ਹੋਵੇਗਾ, ਤਾਂ ਕਿ ਕਿਸੇ ਪਿੰਡ ’ਚ ਜਾਂ ਸ਼ਹਿਰ ਮੁਹੱਲੇ ਦੇ ਸਾਰੇ ਲੋਕ ਅਸਾਨੀ ਨਾਲ ਉਥੇ ਪਹੁੰਚ ਸਕਣਗੇ ਤੇ ਇਨ੍ਹਾਂ ਦੁਕਾਨਾਂ ਨੂੰ ਹਰ ਰੋਜ਼ ਜ਼ਰੂਰਤ ਦੇ ਅਨੁਸਾਰ ਸਮੇਂ ਤੱਕ ਖੁੱਲ੍ਹਾ ਰੱਖਣਾ ਹੋਵੇਗਾ। ਵੰਡ, ਖਾਣ ਵਾਲੇ ਪਦਾਰਥਾਂ ਦੀ ਮਾਤਰਾ ਤੇ ਗੁਣਵੱਤਾ ’ਤੇ ਮੁਹੱਲੇ ਦੀਆਂ ਕਮੇਟੀਆਂ ਨੂੰ ਨਿਗਰਾਨੀ ਰੱਖਣੀ ਪਵੇਗੀ ਤੇ ਜੇਕਰ ਕਿਤੇ ਵੀ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋ ਰਹੀਆਂ ਹੋਣ ਤਾਂ ਫੌਰਨ ਉਸ ਨੂੰ ਠੀਕ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਲੋਕਾਂ ਨੂੰ ਖੁਰਾਕ ਦੇ ਅਧਿਕਾਰ ਨੂੰ ਹਾਸਲ ਕਰਨ ਦਾ ਸੰਘਰਸ਼ ਜਾਰੀ ਰੱਖਣਾ ਹੋਵੇਗਾ। ਇਸ ਸਮੇਂ ‘ਖੁਰਾਕ ਸੁਰੱਖਿਆ’’ ਤੇ ‘‘ਖਾਸ ਨਿਸ਼ਾਨਾ’’ ਵਾਲੇ ਪੀ. ਡੀ. ਐਸ. ਦੇ ਨਾਂ ’ਤੇ ਜੋ ਧੋਖਾਧੜੀ ਚੱਲ ਰਹੀ ਹੈ, ਉਸ ਨਾਲ ਸਾਨੂੰ ਬੁੱਧੂ ਨਹੀਂ ਬਨਣਾ ਚਾਹੀਦਾ।

ਖੁਰਾਕ ਦੇ ਅਧਿਕਾਰ ਦਾ ਮਤਲਬ ਇਹ ਹੈ ਕਿ ਸਾਰੇ ਲੋਕਾਂ ਨੂੰ ਸਾਰੇ ਜ਼ਰੂਰੀ ਖਾਣ ਵਾਲੇ ਪਦਾਰਥ ਸਹੀ ਕੀਮਤ ’ਤੇ ਮੁਹੱਈਆ ਕਰਵਾਉਣ ਦੇ ਲਈ ਕਨੂੰਨੀ ਗਰੰਟੀ ਤੇ ਯੋਗ ਵਿਵਸਥਾ ਹੋਵੇ। ਇਸ ਵਿਵਸਥਾ ’ਚ ਲੋਕਾਂ ਨੂੰ ਖੁਰਾਕ ਦਾ ਅਧਿਕਾਰ ਦਿਵਾਉਣ ਦੇ ਰਸਤੇ ’ਚ ਰੁਕਾਵਟ ਬਨਣ ਵਾਲੇ ਅਫ਼ਸਰਾਂ ਜਾਂ ਨਿੱਜੀ ਹਿਤਾਂ ਨੂੰ ਸਖ਼ਤ ਸਜ਼ਾ ਦੇਣ ਦੀ ਤਾਕਤ ਹੋਣੀ ਚਾਹੀਦੀ ਹੈ। ਐਸਾ ਅਧਿਕਾਰ, ਜੋ ਸਰਬਵਿਆਪਕ, ਬਿਨਾ ਕਿਸੇ ਸ਼ਰਤ ਨਾਲ ਜੁੜਿਆ ਹੋਇਆ ਤੇ ਕਨੂੰਨ ਵੱਲੋਂ ਲਾਗੂ ਕੀਤੇ ਜਾਣ ਲਾਇਕ ਹੋਵੇ, ਇਹੀ ਲੋਕਾਂ ਦੀ ਮੰਗ ਹੈ। ■

# ਜਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ ਦੇ ਕਾਮਿਆਂ ਦਾ ਸੰਸਦ ਤੇ ਵਿਸ਼ਾਲ ਧਰਨਾ

ਕੇਂਦਰ ਸਰਕਾਰ ਦੀਆਂ ਵੱਖ-ਵੱਖ ਰੋਜਗਾਰ ਅਤੇ ਗਰੀਬੀ ਉਨਮੂਲਣ ਸਕੀਮਾਂ ਨੂੰ ਲਾਗੂ ਕਰਨ ਵਾਲੇ, ਜਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ ਦੇ ਹਜ਼ਾਰਾਂ ਹੀ ਕਾਮਿਆਂ ਨੇ ਆਪਣੀ ਮੰਗਾਂ ਦੇ ਸਮਰਥਨ ਵਿੱਚ 3 ਸਤੰਬਰ 2009 ਨੂੰ ਸੰਸਦ ਤੇ ਵਿਸ਼ਾਲ ਧਰਨਾ ਦਿੱਤਾ। ਇਸਦੀ ਅਗਵਾਈ ਡੀ.ਆਰ.ਡੀ.ਏ. ਕਰਮਚਾਰੀ ਐਸੋਸੀਏਸ਼ਨ ਕਰ ਰਹੀ ਸੀ।

ਕੇਂਦਰ ਸਰਕਾਰ ਦੇ ਵਿਕਾਸ ਮੰਤਰਾਲੇ ਦੀਆਂ ਸੈਂਕੜੇ ਹੀ ਯੋਜਨਾਵਾਂ ਨੂੰ, ਪੂਰੇ ਦੇਸ਼ ਅੰਦਰ ਜਿਲ੍ਹਾ ਅਤੇ ਪੇਂਡੂ ਪੱਧਰ ਤੇ ਲਾਗੂ ਕਰਨ ਵਾਲੇ 20,000 ਕਰਮਚਾਰੀ ਹਨ, ਜੋ ਜਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ ਦੇ ਅਧੀਨ ਕੰਮ ਕਰਦੇ ਹਨ। ਇਹ ਕਰਮਚਾਰੀ, ਰਾਜ ਸਰਕਾਰ ਦੇ ਕਰਮਚਾਰੀਆਂ ਵਾਲੇ ਨਿਯਮਾਂ ਤਹਿਤ ਕੰਮ ਕਰਦੇ ਹਨ। ਲੇਕਿਨ ਰਾਜ ਸਰਕਾਰਾਂ, ਇਨ੍ਹਾਂ ਨੂੰ ਨੌਕਰੀ ਸੁਰੱਖਿਆ, ਪੈਂਨਸ਼ਨ, ਗ੍ਰੈਚੁਟੀ ਆਦਿ ਸੱਭ ਸਹੂਲਤਾਂ ਤੋਂ ਵੰਚਿਤ ਰੱਖਦੀਆਂ ਹਨ।

ਇਨ੍ਹਾਂ ਯੋਜਨਾਵਾਂ ਲਈ ਧੰਨ-ਰਾਸ਼ੀ ਦਾ 75 ਪ੍ਰਤੀਸ਼ਤ ਕੇਂਦਰ ਸਰਕਾਰ ਦਿੰਦੀ ਹੈ ਅਤੇ ਬਾਕੀ 25 ਪ੍ਰਤੀਸ਼ਤ ਰਾਜ ਸਰਕਾਰਾਂ ਦਿੰਦੀਆਂ ਹਨ। 25 ਰਾਜਾਂ ਅਤੇ 5 ਕੇਂਦਰਸ਼ਾਸ਼ਤ ਪ੍ਰਦੇਸ਼ਾਂ ਵਿਚੋਂ 10 ਰਾਜਾਂ ਅਤੇ 2 ਕੇਂਦਰ-ਸ਼ਾਸ਼ਤ ਪ੍ਰਦੇਸ਼ਾਂ ਅੰਦਰ, ਜਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ ਦੇ ਕਾਮਿਆਂ ਦਾ ਜਿਲ੍ਹਾ/ਰਾਜ ਸਰਕਾਰ ਕਰਮਚਾਰੀਆਂ ‘ਚ ਵਿਲਯ ਕਰ ਦਿੱਤਾ ਗਿਆ ਹੈ। ਐਸੋਸੀਏਸ਼ਨ ਦੇ ਮੁੱਖ ਸਕੱਤਰ, ਦਰਸ਼ਨ ਲਾਲ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਤੁਰੰਤ ਫੈਸਲਾ ਕਰਕੇ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਉਤਰਾਖੰਡ, ਝਾਰਖੰਡ, ਅਸਾਮ, ਮਣੀਪੁਰ, ਉੜੀਸਾ, ਆਂਧਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਆਦਿ ਰਾਜਾਂ ਦੇ ਜਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ ਕਾਮਿਆਂ ਨੂੰ ਜਿਲ੍ਹਾ ਪੰਚਾਇਤ/ ਜਿਲ੍ਹਾਂ ਪ੍ਰੀਸ਼ਦ ਵਿੱਚ ਸੈਲ ਗਠਿਤ ਕਰਕੇ ਸਮਾਯੋਜਿਤ ਕਰੇ।

ਐਸੋਸੀਏਸ਼ਨ ਦੇ ਰਾਸ਼ਟਰੀ ਪ੍ਰਵਕਤਾ, ਸਲਮਾਨ ਜਮੀਰ, ਨੇ ਕਿਹਾ ਕਿ ਗ੍ਰਾਮੀਣ ਵਿਕਾਸ ਮੰਤਰਾਲੇ ਨੇ 16,000 ਕ੍ਰੋੜ ਰੁਪਏ ਦਾ ਬੱਜਟ ਪਾਸ ਕਰਵਾਇਆ ਹੈ, ਲੇਕਿਨ 25-30 ਸਾਲਾਂ ਤੋਂ ਕੰਮ ਕਰ ਰਹੇ 20,000 ਕਾਮਿਆਂ ਦੇ ਇੱਕ ਲੱਖ ਪ੍ਰੀਵਾਰ-ਜਨਾਂ ਨੂੰ ਰੋਜੀ-ਰੋਟੀ ਦੇ ਮੁਹਤਾਜ ਬਣਾ ਰਿਹਾ ਹੈ। ਅਖਿਲ ਭਾਰਤੀਯ ਰਾਜ ਕਰਮਚਾਰੀ ਕਨਫੈਡਰੇਸ਼ਨ ਦੇ ਰਾਸ਼ਟਰੀ ਪ੍ਰਧਾਨ, ਐਸ. ਐਲ. ਸਹਿਗਲ, ਨੇ ਕਿਹਾ ਕਿ ਡੀ.ਆਰ.ਡੀ.ਏ. ਕਾਮਿਆਂ ਦੀ ਲੁੱਟ ਨਹੀਂ ਹੋਣ ਦਿਆਂਗੇ ਅਤੇ ਇਨ੍ਹਾਂ ਨੂੰ ਇਨਸਾਫ ਦੁਆਕੇ ਹੀ ਦਮ ਲਵਾਂਗੇ।

ਧਰਨੇ ਨੂੰ ਐਸੋਸੀਏਸ਼ਨ ਦੇ ਹੋਰ ਆਗੂਆਂ ਨੇ ਵੀ ਸੰਬੋਧਿਤ ਕੀਤਾ। ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਇੱਕ ਯਾਦ-ਪੱਤਰ ਦਿੱਤਾ ਗਿਆ। ■

# ਸਿਰਸਾ ਵਿੱਚ ਨੇਪਾਲੀ ਏਕਤਾ ਮੰਚ ਦਾ ਦੋ-ਵਾਰਸ਼ਿਕ ਸੰਮੇਲਨ ਸੰਪੰਨ ਹੋਇਆ

9 ਅਗਸਤ 2009 ਨੂੰ, ਹਰਿਆਣਾ ਦੇ ਸਿਰਸਾ ਸ਼ਹਿਰ ਵਿੱਚ, ਅਖਿਲ ਭਾਰਤ ਨੇਪਾਲੀ ਏਕਤਾ ਮੰਚ ਨੇ ਆਪਣਾ ਦੋ-ਵਾਰਸ਼ਿਕ ਸੰਮੇਲਨ, ਸਿਰਸਾ ਦੀ ਜਾਟ ਧਰਮਸ਼ਾਲਾ ‘ਚ ਅਯੋਜਿਤ ਕੀਤਾ। ਇਸ ਸੰਮੇਲਨ ਵਿੱਚ ਲੋਕ ਰਾਜ ਸੰਗਠਨ ਦੀ ਸਥਾਨਕ ਸ਼ਾਖਾ ਨੂੰ ਵੀ ਆਉਣ ਦਾ ਸੱਦਾ ਦਿੱਤਾ ਗਿਆ ਸੀ।

ਪ੍ਰੈਸ ਨੋਟ ਦੇ ਮੁਤਾਬਕ, ਸੰਮੇਲਨ ਦਾ ਸੰਚਾਲਨ ਸੰਸਥਾ ਦੇ ਪ੍ਰਧਾਨ ਮਿੱਤਰਲਾਲ ਸ਼ਰਮਾ ਅਤੇ ਪਿਤੰਬਰ ਸ਼ਰਮਾ ਨੇ ਕੀਤਾ ਅਤੇ ਡੈਲੀਗੇਟਾਂ ਦਾ ਸਵਾਗਤ ਗੋਬਿੰਦ ਭੁਸ਼ਾਲ ਨੇ ਕੀਤਾ।

ਸੰਮੇਲਨ ਨੂੰ ਸੰਬੋਧਨ ਕਰਦਿਆਂ, ਨੇਪਾਲੀ ਏਕਤਾ ਮੰਚ ਦੀ ਕੇਂਦਰੀ ਕਮੇਟੀ ਦੇ ਸ੍ਰੀ ਨਰੇਸ਼ ਖਨਾਲ ਨੇ ਕਿਹਾ ਕਿ ਨਿਪਾਲ ਅੰਦਰ ਰਾਜਸ਼ਾਹੀ ਦੇ ਅੰਤ ਤੋਂ ਬਾਦ ਗਣਤੰਤਰ ਦੀ ਸਥਾਪਨਾ ਹੋਈ ਸੀ। ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ ਦੇ ਇਸ਼ਾਰੇ ਤੇ ਰਾਸ਼ਟਰਪਤੀ ਵਲੋਂ ਨਾਗਰਕ ਸਰਬੋਚਤਾ ਦੀ ਖਿੱਲੀ ਉਡਾਕੇ ਸੈਨਿਕ ਸਰਬੋਚਤਾ ਦੀ ਵਕਾਲਤ ਕੀਤੀ ਗਈ, ਜੋ ਇੱਕ ਸ਼ਰਮਨਾਕ ਗੱਲ ਹੈ। ਦੋ ਬਾਰ ਚੋਣਾਂ ਹਾਰ ਚੁੱਕੇ ਮਾਧਵ ਕੁਮਾਰ ਨੂੰ ਨੇਪਾਨ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬਿਠਾ ਦਿੱਤਾ ਗਿਆ ਹੈ। ਕੀ ਇਹ ਲੋਕਤੰਤਰ ਦਾ ਮਜ਼ਾਕ ਉਡਾਉਣ ਵਾਲੀ ਇੱਕ ਸ਼ਰਮਨਾਕ ਗੱਲ ਨਹੀਂ ਹੈ?

ਲੋਕ ਰਾਜ ਸੰਗਠਨ ਦੀ ਤਰਫੋਂ ਸੰਮੇਲਨ ਨੂੰ ਸੰਬੋਧਨ ਕਰਦਿਆਂ, ਕਾ: ਦੁਨੀ ਚੰਦ ਨੇ ਕਿਹਾ ਕਿ ਲੋਕ ਰਾਜ ਸੰਗਠਨ ਸ਼ੁਰੂ ਤੋਂ ਹੀ ਨੇਪਾਲੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਕਰਦਾ ਰਿਹਾ ਹੈ। ਉਨ੍ਹਾਂ ਨੇ ਕਮਿਉਨਿਸਟ ਏਕਤਾ ਕਇਮ ਕਰਨ ਅਤੇ ਕਮਿਉਨਿਸਟ ਅੰਦੋਲਨ ਨੂੰ ਸਹੀ ਦਿਸ਼ਾ ‘ਚ ਲਿਜਾਣ ਦੀ ਜਰੂਰਤ ਬਾਰੇ ਵੀ ਗੱਲ ਰੱਖੀ ਅਤੇ ਵਰਤਮਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਤਾਂ ਤੇ ਟਿੱਪਣੀ ਕੀਤੀ।

ਸੰਮੇਲਨ ਦੀ ਸਮਾਪਤੀ ਮਿੱਤਰਲਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਨਵੀਂ 15 ਮੈਂਬਰੀ ਕਾਰਜ ਸੰਮਤੀ ਦੀ ਚੋਣ ਨਾਲ ਹੋਈ। ■

# ਰਾਜਸਥਾਨ ਦੇ ਅਧਿਆਪਕ ਸੰਘਰਸ਼ ਦੀ ਰਾਹ ਤੇ

ਰਾਜਸਥਾਨ ਦੇ ਸਕੂਲੀ ਅਧਿਆਪਕਾਂ ਨੇ ਆਪਣੀਆਂ ਮੰਗਾਂ ਮਨਵਾਉਣ ਲਈ, 24 ਅਗਸਤ 2009 ਨੂੰ, ਸੰਯੁਕਤ ਕਰਮਚਾਰੀ ਮਹਾਂਸੰਘ ਦੀ ਅਗਵਾਈ ਹੇਠ, ਜੈਪੁਰ ਵਿੱਚ ਇੱਕ ਵਿਸ਼ਾਲ ਮੁਜ਼ਾਹਰਾ ਕੱਢਿਆ। ਤਿੰਨ ਕਿਲੋਮੀਟਰ ਲੰਬੇ ਇਸ ਜਲੂਸ ਵਿੱਚ, ਵੱਖ-ਵੱਖ ਜਿਲ੍ਹਿਆਂ ਤੋਂ ਆਏ 10,000 ਤੋਂ ਵਧੇਰੇ ਅਧਿਆਪਕ ਸ਼ਾਮਲ ਹੋਏ। ਇਹ ਜਲੂਸ ਚੌੜਾ ਰਸਤਾ, ਛੋਟੀ ਚੌਪੜ, ਕਿਸਾਨ ਪੋਲ, ਅਜਮੇਰੀ ਗੇਟ ਅਤੇ ਪਾਂਚ-ਬਸਤੀ ਹੁੰਦਾ ਹੋਇਆ, ਸ਼ਹੀਦ ਸਮਾਰਕ ਪਹੁੰਚਾ। ਏਥੇ ਪਹੁੰਚ ਕੇ ਇਹ ਇੱਕ ਮਹਾਂ-ਸਭਾ ਦਾ ਰੂਪ ਧਾਰਣ ਕਰ ਗਿਆ।

ਸੰਯੁਕਤ ਕਰਮਚਾਰੀ ਮਹਾਂਸੰਘ ਦੇ ਮਹਾਂਮੰਤਰੀ, ਬਾਬੂ ਲਾਲ ਜੈਨ, ਨੇ ਅਧਿਆਪਕ ਸੰਘ ਦੀ ਸਰਕਾਰ ਨਾਲ ਹੋਈ ਵਾਰਤਾ ਦੇ ਬਾਰੇ ਮਹਾਂ-ਸਭਾ ਨੂੰ ਜਾਣੂੰ ਕਰਾਇਆ।

ਸਭਾ ਦੀ ਪ੍ਰਧਾਨਗੀ ਰਾਜਸਥਾਨ ਸ਼ਿਕਸ਼ਕ ਸੰਘ (ਪ੍ਰਗਤੀਸ਼ੀਲ) ਦੇ ਪ੍ਰਦੇਸ਼ ਪ੍ਰਧਾਨ, ਗੁਰੂ ਜੀ ਹਨੂਮਾਨ ਪ੍ਰਸਾਦ ਨੇ ਕੀਤੀ। ਉਨ੍ਹਾਂ ਨੇ ਸਰਕਾਰ ਦੇ ਸਰਮਾਏਦਾਰਾਨਾ ਚਰਿਤਰ ਬਾਰੇ ਬੋਲਦਿਆਂ ਕਿਹਾ ਕਿ ਅੱਜ ਦੀ ਤਰੀਕ 'ਚ ਰਾਜਸਥਾਨ ਦੇ ਸ਼ਹਿਰੀ, ਪੇਂਡੂ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ, ਅਧਿਆਪਕਾਂ ਦੀਆਂ 80,000 ਅਸਾਮੀਆਂ ਖਾਲੀ ਪਈਆਂ ਹਨ। ਖਾਲੀ ਥਾਵਾਂ ਤੇ ਅਧਿਆਪਕਾਂ ਨੂੰ ਨਿਯੁਕਤ ਨਾ ਕੀਤੇ ਜਾਣ ਬਾਰੇ ਲੋਕਾਂ ਦੇ ਗੁੱਸੇ ਨੂੰ ਠੰਡਾ ਕਰਨ ਲਈ, ਸਰਕਾਰ ਪਹਿਲਾਂ ਤੋਂ ਸਹੀ ਚੱਲ ਰਹੇ ਸਕੂਲਾਂ ਦੇ ਅਧਿਆਪਕਾਂ ਦੀਆਂ ਹੀ ਏਧਰ-ਉਧਰ ਬਦਲੀਆਂ ਕਰ ਰਹੀ ਹੈ, ਨਵੀਂਆਂ ਨਿਯੁਕਤੀਆਂ ਨਹੀਂ ਕਰ ਰਹੀ। ਇਹ ਸੱਭ ਸਰਕਾਰ ਦੀ "ਸਮਾਨੀਕਰਣ" ਨੀਤੀ ਦੇ ਤਹਿਤ ਕੀਤਾ ਜਾ ਰਿਹਾ ਹੈ। ਜਿਸਦਾ ਸਿੱਧਾ ਅਰਥ ਹੈ ਕਿ ਸਹੀ ਤੌਰ ਤੇ ਚੱਲ ਰਹੇ ਸਕੂਲਾਂ ਨੂੰ ਚੌਪਟ ਕਰਨਾ ਅਤੇ ਅਧਿਆਪਕਾਂ ਉੱਤੇ ਕੰਮ ਦਾ ਬੋਝ ਵਧਾਕੇ ਉਨ੍ਹਾਂ ਦੀ ਲੁੱਟ ਤੇਜ਼ ਕਰਨਾ।

ਉਨ੍ਹਾਂ ਨੇ ਸ਼ਿਕਸ਼ਾ ਮਿਤਰ ਅਧਿਆਪਕਾਂ ਦਾ ਜ਼ਿਕਰ ਕਰਦਿਆ ਦੱਸਿਆ ਕਿ 10ਵੀਂ ਜਮਾਤ ਤਕ ਨੂੰ ਪੜ੍ਹਾਉਣ ਵਾਲੇ ਇੱਕ ਅਧਿਆਪਕ ਨੂੰ 4,000 ਰੁਪਏ ਮਹੀਨਾ ਅਤੇ ਪ੍ਰਾਇਮਰੀ ਸ਼ਿਕਸ਼ਾ ਮਿੱਤਰ ਅਧਿਆਪਕਾਂ ਨੂੰ 3,500 ਰੁਪਏ ਮਹੀਨਾ ਮਿਲਦਾ ਹੈ। ਇਨ੍ਹਾਂ ਦੀ ਗਿਣਤੀ ਕਰੀਬ 30-35 ਹਜ਼ਾਰ ਹੈ। ਛੁੱਟੀ ਦੇ ਦਿਨ ਦਾ ਪੈਸਾ ਨਹੀਂ ਮਿਲਦਾ। ਇਨ੍ਹਾਂ ਦੀ ਨੌਕਰੀ ਦੀ ਕੋਈ ਗਰੰਟੀ ਨਹੀਂ ਹੈ। ਇਨ੍ਹਾਂ ਨੂੰ ਕੋਈ ਸਮਾਜਕ ਸੁਰੱਖਿਆ ਜਾਂ ਸਿਹਤ ਸੇਵਾ ਦੀ ਸਹੂਲਤ ਨਹੀਂ ਮਿਲਦੀ। ਸ਼ਿਕਸ਼ਾ ਮਿੱਤਰ ਅਧਿਆਪਕਾਂ ਦੀ ਇਹ ਦੁਰਦਸ਼ਾ ਸਾਨੂੰ ਗੁਲਾਮ ਯੁੱਗ ਦਾ ਯਾਦ ਦੁਆਉਂਦੀ ਹੈ।

ਸਕੂਲਾਂ ਦੀ ਹਾਲਤ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਰਾਜਸਥਾਨ ਦੇ ਸਕੂਲਾਂ 'ਚ ਚਾਕ, ਪੱਟੀ, ਆਦਿ ਖ਼ੀਦਣ ਲਈ ਪੈਸਾ ਨਹੀਂ ਹੁੰਦਾ। ਸਾਡੀ ਰਾਜਸਥਾਨ ਸਰਕਾਰ ਤੋਂ ਮੰਗ ਹੈ ਕਿ ਸਕਲ ਘਰੇਲੂ ਆਮਦਨ ਦਾ 40 ਪ੍ਰਤੀਸ਼ਤ ਹਿੱਸਾ ਵਿੱਦਿਆ ਉੱਤੇ ਖਰਚ ਕੀਤਾ ਜਾਵੇ। ਕੇਂਦਰ ਸਰਕਾਰ ਦੇ ਵਿੱਦਿਆ ਪ੍ਰਤੀ ਰਵੱਈਏ ਬਾਰੇ ਉਨ੍ਹਾਂ ਨੇ ਕਿਹਾ ਕਿ ਅਗਰ ਸਰਕਾਰ ਕੁੱਲ ਬੱਜਟ ਦਾ ਸਿਰਫ 1 ਪ੍ਰਤੀਸ਼ਤ ਹੀ ਵਿੱਦਿਆ ਤੇ ਖਰਚ ਕਰਨ ਵਾਲੀ ਹੈ ਤਾਂ ਨਵੇਂ ਕਨੂੰਨਾਂ ਦਾ ਕੋਈ ਮਤਲਬ ਨਹੀਂ ਰਹੇਗਾ।

ਉਨ੍ਹਾਂ ਨੇ ਨਿੱਜੀਕਰਣ ਅਤੇ ਉਦਾਰੀਕਰਣ ਦੇ ਦੌਰ ਅੰਦਰ ਅਧਿਆਪਕਾਂ ਉੱਤੇ ਹੋ ਰਹੇ ਹਮਲਿਆਂ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਅਧਿਆਪਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਛੇਵਾਂ ਤਨਖਾਹ ਆਯੋਗ ਲਾਗੂ ਹੋਇਆ, ਪਰ ਮਹਿੰਗਾਈ ਉਸਤੋਂ ਤਿੰਨ-ਗੁਣਾ ਵਧ ਗਈ ਹੈ। ਸਮਾਜ ਦੇ ਸੱਭ ਮਿਹਨਤਕਸ਼ ਤਬਕੇ ਸਰਕਾਰ ਤੋਂ ਅਤੇ ਵਰਤਮਾਨ ਸਰਮਾਏਦਾਰ ਵਿਵਸਥਾ ਤੋਂ ਦੁਖੀ ਹਨ।

ਅੰਤ ਵਿੱਚ ਉਨ੍ਹਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਅਗਰ ਸਰਕਾਰ ਸਮੇਂ ਸਿਰ ਅਧਿਆਪਕਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ, ਤਾਂ ਜੈਪੁਰ ਵਿੱਚ ਅਨਿਸਚਤ-ਕਾਲੀਨ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜਿਮੇਵਾਰ ਸਰਕਾਰ ਹੋਵੇਗੀ।

ਇਸ ਤੋਂ ਇਲਾਵਾ ਸ਼ਿਕਸ਼ਾ ਮਿੱਤਰ ਸੰਘ, ਪੈਰਾ ਟੀਚਰ ਸੰਘ, ਸੰਵਿਦਾ ਸ਼ਿਕਸ਼ਾ-ਕਰਮੀ ਸੰਘ ਦੇ ਨੇਤਾ ਵੀ ਸਭਾ ਨੂੰ ਸੰਬੋਧਤ ਕਰਨ ਵਾਲਿਆਂ 'ਚ ਸ਼ਾਮਲ ਸਨ। ■

## ਰਾਜਸਥਾਨ ਦੇ ਅਧਿਆਪਕਾਂ ਦੀਆਂ ਮੁੱਖ ਮੰਗਾਂ

- ਆਰਜ਼ੀ ਅਧਿਆਪਕਾਂ ਨੂੰ ਪੱਕੇ ਕੀਤਾ ਜਾਵੇ ਅਤੇ ਰਾਜ ਸਰਕਾਰ ਦੇ ਦਰਜਾ-ਤਿੰਨ ਦੇ ਕਰਮਚਾਰੀਆਂ ਦੇ ਬਰਾਬਰ ਤਨਖਾਹ ਸਕੇਲ ਦਿੱਤਾ ਜਾਵੇ।
- ਪੰਚਾਇਤੀ ਰਾਜ ਦੇ ਅਧਿਆਪਕਾਂ ਦੇ ਤਨਖਾਹ-ਸਕੇਲ ਨੂੰ ਰਾਜ ਸਰਕਾਰ ਦੇ ਸਲਾਨਾ ਬੱਜਟ ਵਿੱਚ ਤੈਅ ਕੀਤਾ ਜਾਵੇ।
- ਵਿਧਵਾ ਅਤੇ ਬੇ-ਸਹਾਰਾ ਮਹਿਲਾ ਅਧਿਆਪਕਾਂ ਨੂੰ, ਸਰਕਾਰੀ ਖਰਚ ਤੇ ਐਸ.ਟੀ.ਸੀ. ਅਤੇ ਬੀ.ਐਡ. ਕੋਰਸ ਕਰਨ ਦੀ ਸਹੂਲਤ ਦਿੱਤੀ ਜਾਵੇ
- ਤਨਖਾਹ-ਸਕੇਲ ਨਿਯੁਕਤੀ ਦੀ ਤਰੀਕ ਤੋਂ ਲਾਗੂ ਹੋਵੇ, ਨਾ ਕਿ ਸਕਰੀਨਿੰਗ ਦੀ ਤਰੀਕ ਤੋਂ।
- ਬੇਰੁਜ਼ਗਾਰ ਅਧਿਆਪਕਾਂ ਨੂੰ ਖਾਲੀ ਅਸਾਮੀਆਂ ਤੇ ਨਿਯੁਕਤ ਕੀਤਾ ਜਾਵੇ।

## ਇੱਕ ਨਿਵੇਦਨ

*ਮਜ਼ਦੂਰ ਏਕਤਾ ਲਹਿਰ* ਦੇ ਪਾਠਕਾਂ ਨੂੰ ਅਪੀਲ ਹੈ ਕਿ ਉਹ ਮਜ਼ਦੂਰਾਂ, ਕਿਸਾਨਾਂ, ਔਰਤਾਂ, ਨੌਜਵਾਨਾਂ ਅਤੇ ਸਮਾਜ ਦੀ ਹਰੇਕ ਮਿਹਨਤਕਸ਼ ਸ਼੍ਰੇਣੀ ਦੇ ਜੀਵਨ ਅਤੇ ਸੰਘਰਸ਼ਾਂ ਬਾਰੇ ਖਬਰਾਂ ਅਤੇ ਟਿੱਪਣੀਆਂ ਲਿਖਕੇ ਸਾਨੂੰ ਭੇਜਣ।

ਇਸ ਨਾਲ ਦੇਸ਼ ਦੇ ਨਵ-ਨਿਰਮਾਣ ਦੇ ਲਈ ਮਜ਼ਦੂਰਾਂ-ਮਿਹਨਤਕਸ਼ਾਂ ਦੀ ਰਾਜਨੀਤਕ ਏਕਤਾ ਉਸਰੇਗੀ ਅਤੇ ਸੰਘਰਸ਼ ਮਜਬੂਤ ਹੋਵੇਗਾ।

# ਚੰਡੀਗੜ੍ਹ 'ਚ ਪੰਜਾਬ ਦੇ ਕਿਸਾਨਾਂ ਅਤੇ ਬਿਜਲੀ ਕਾਮਿਆਂ ਦੇ ਰੋਸ-ਮੁਜ਼ਾਹਰੇ ਉਤੇ ਵਹਿਸ਼ੀਆਨਾ ਤਸ਼ੱਦਦ ਦੀ ਪੁਰਜ਼ੋਰ ਨਿਖੇਧੀ ਕਰੋ!

**8 ਸਤੰਬਰ 2009 ਦੇ ਦਿਨ, ਪੰਜਾਬ ਰਾਜ ਬਿਜਲੀ ਬੋਰਡ ਦੇ ਨਿੱਜੀਕਰਣ ਦਾ ਵਿਰੋਧ ਕਰਨ ਲਈ, ਪੰਜਾਬ ਦੇ ਸੱਭ ਇਲਾਕਿਆਂ ਤੋਂ ਆਕੇ ਚੰਡੀਗੜ੍ਹ 'ਚ ਮੁਜ਼ਾਹਰਾ ਕਰ ਰਹੇ, ਕਿਸਾਨਾਂ ਅਤੇ ਬਿਜਲੀ ਕਾਮਿਆਂ ਉੱਤੇ ਪੁਲਸ ਨੇ ਬਿਨਾਂ ਵਜ੍ਹਾ ਵਹਿਸ਼ੀਆਨਾਂ ਹਮਲਾ ਕਰ ਦਿੱਤਾ। ਇਸ ਹਮਲੇ 'ਚ ਇੱਚ ਕਿਸਾਨ ਸਾਥੀ ਉਥੇ ਹੀ ਸ਼ਹੀਦ ਹੋ ਗਿਆ ਅਤੇ ਦੋ ਹੋਰ ਸਾਥੀ ਸਖਤ ਸੱਟਾਂ ਕਰਕੇ ਬਾਅਦ 'ਚ ਦਮ ਤੋੜ ਗਏ। ਦਰਜਨਾਂ ਹੋਰ ਸਾਥੀ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਅਦਾਰਾ ਮਜਦੂਰ ਏਕਤਾ ਲਹਿਰ ਪੁਲਸ ਦੀ ਇਸ ਘਿਨਾਉਣੀ ਕਾਰਵਾਈ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ। ਹੇਠਾਂ ਅਸੀਂ ਇਸ ਬਾਰੇ, ਪੰਜਾਬ ਤੋਂ ਇੱਕ ਸਾਥੀ ਦੀ ਰਿਪੋ੍ਰਟ ਛਾਪ ਰਹੇ ਹਾਂ:**

ਬਿਜਲੀ ਐਕਟ 2003, ਜਿਹੜਾ ਕਿ ਸੂਬਾਈ ਬਿਜਲੀ ਬੋਰਡ ਨੂੰ ਤੋੜਕੇ ਇਨ੍ਹਾਂ ਦੀ ਥਾਂ ਕਾਰਪੋਰੇਸ਼ਨਾਂ/ਨਿਗਮ ਬਣਾ ਕੇ ਤੇ ਫਿਰ ਅੱਗੋਂ ਇਸਦਾ ਨਿੱਜੀਕਰਨ ਕਰਨ ਦਾ ਰਾਹ ਪੱਧਰਾ ਕਰਦਾ ਹੈ। ਇਸਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਇਸ ਐਕਟ ਬਾਰੇ ਮੁਲਕ ਭਰ ਵਿਚ ਤਿੱਖੀ ਬਹਿਸ ਛਿੜੀ ਹੋਈ ਹੈ। ਪੰਜਾਬ ਵਿਚ ਵੀ 2003 ਤੋਂ ਲੈ ਕੇ ਹੁਣ ਤਕ ਬਿਜਲੀ ਕਾਮੇ, ਕਿਸਾਨ ਅਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਇਸਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਜਥੇਬੰਦੀਆਂ ਦੇ ਕਰੜੇ ਵਿਰੋਧ ਕਰਕੇ ਹੀ ਰਾਜ ਸਰਕਾਰ ਨੂੰ ਗਿਆਰਾਂ ਵਾਰੀ ਬੋਰਡ ਤੋੜਣ ਦੀ ਮਿਆਦ ਵਿਚ ਵਾਧਾ ਕਰਨਾ ਪਿਆ। ਬੋਰਡ ਦੇ ਟੁੱਟਣ ਦੀ ਗਿਆਰਵੀਂ ਮਿਆਦ 15 ਸਤੰਬਰ 2009 ਨੂੰ ਖਤਮ ਹੋ ਜਾਣੀ ਸੀ, ਜਿਸਦੇ ਮੱਦੇ ਨਜ਼ਰ ਬਿਜਲੀ ਮੁਲਾਜ਼ਮਾਂ ਅਤੇ ਕਿਸਾਨਾਂ, ਮਜ਼ਦੂਰਾਂ ਦੀਆਂ ਜਥੇਬੰਦੀਆਂ ਵਲੋਂ ਵਿਰੋਧ ਲਹਿਰ ਚਲਾਈ ਜਾ ਰਹੀ ਸੀ।

ਪਿਛਲੇ ਸਮਿਆਂ ਵਿਚ ਰਾਜ ਸਰਕਾਰ ਕੇਂਦਰ ਸਰਕਾਰ ਤੋਂ ਅਗਾਊਂ ਹੀ ਮਿਆਦ ਵਧਾਉਣ ਸੰਬੰਧੀ ਚਾਰਾਜੋਈ ਕਰ ਲੈਂਦੀ ਸੀ ਪਰ ਇਸ ਵਾਰ ਇਸਨੇ ਅਜਿਹਾ ਕੁਝ ਨਹੀਂ ਕੀਤਾ ਸਗੋਂ ਰੋਡ ਮੈਪ ਬਣਾ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਕੇਂਦਰ ਸਰਕਾਰ ਨੇ ਵੀ ਬੋਰਡ ਦੇ ਕਰਜ਼ੇ ਸੰਬੰਧੀ ਰਾਜ ਸਰਕਾਰ ਨੂੰ 30 ਹਜ਼ਾਰ ਕਰੋੜ ਰੁਪਿਆ ਗਰਾਂਟ ਵਜੋਂ ਦੇ ਕੇ ਹਰ ਹਾਲਤ ਵਿਚ ਬੋਰਡ ਤੋੜਨ ਦੀ ਸਖ਼ਤ ਹਦਾਇਤ ਕਰ ਦਿੱਤੀ ਸੀ। ਸਰਕਾਰਾਂ ਦੇ ਅਜਿਹੇ ਰਵੱਈਏ ਖਿਲਾਫ ਕਿਸਾਨਾਂ, ਮਜ਼ਦੂਰਾਂ ਅਤੇ ਬਿਜਲੀ ਮੁਲਾਜ਼ਮਾਂ ਵੱਲੋਂ ਵੀ ਕਰੜਾ ਸੰਘਰਸ਼ ਕਰਨ ਦਾ ਰੁਖ ਅਪਣਾ ਲਿਆ ਗਿਆ ਸੀ। ਪੰਜਾਬ ਵਿਚ ਕੰਮ ਕਰਦੇ ਕਿਸਾਨਾਂ, ਮਜ਼ਦੂਰਾਂ ਅਤੇ ਬਿਜਲੀ ਬੋਰਡ ਅੰਦਰ ਕੰਮ ਕਰਦੇ ਵੱਖੋ-ਵੱਖਰੀਆਂ ਜਥੇਬੰਦੀਆਂ ਵੱਲੋਂ ਆਪਸੀ ਤਾਲਮੇਲ ਰਾਹੀਂ 8 ਸਤੰਬਰ 2009 ਨੂੰ ਚੰਡੀਗੜ੍ਹ ਵਿਖੇ ਇਕੋ ਦਿਨ ਤਿੰਨ ਥਾਵਾਂ 'ਤੇ ਤਿੰਨ ਵੱਡੀਆਂ ਰੈਲੀਆਂ ਕਰਨ ਦਾ ਪ੍ਰੋਗਰਾਮ ਐਲਾਨਿਆ ਗਿਆ।

ਇਨ੍ਹਾਂ ਤਿੰਨਾਂ ਵੱਖ-ਵੱਖ ਰੈਲੀਆਂ ਵਿਚ ਬਿਜਲੀ ਬੋਰਡ ਅੰਦਰ ਕੰਮ ਕਰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਅਤੇ ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ (ਏਟਕ) ਨੇ ਸਾਂਝੇ ਤੌਰ 'ਤੇ ਰੈਲੀ ਕੀਤੀ। ਇਸ ਰੈਲੀ ਵਿਚ ਬਿਜਲੀ ਬੋਰਡ ਵਿਚ ਕੰਮ ਕਰਦੇ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਕਰੀਬ-ਕਰੀਬ 15 ਹਜ਼ਾਰ ਦੀ ਗਿਣਤੀ ਵਿਚ ਸ਼ਾਮਲ ਹੋਏ।

ਇਸੇ ਤਰ੍ਹਾਂ ਬਿਜਲੀ ਬੋਰਡ ਅੰਦਰ ਹੀ ਕੰਮ ਕਰਦੇ ਮੁਲਾਜ਼ਮਾਂ ਦੀਆਂ ਕੁਝ ਜਥੇਬੰਦੀਆਂ (ਟੈਕਨੀਕਲ ਸਰਵਿਸਿਜ਼ ਯੂਨੀਅਨ ਸੋਢੀ ਗਰੁੱਪ, ਪੀ. ਐਸ. ਈ. ਬੀ. ਇੰਪਲਾਈਜ਼ ਫੈਡਰੇਸ਼ਨ ਏਟਕ, ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਪੰ. ਰਾ. ਬਿ. ਬੋਰਡ, ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ), ਪੀ. ਐਸ. ਈ. ਬੀ. ਵਰਕਰ ਫੈਡਰੇਸ਼ਨ, ਬਿਜਲੀ ਮਜ਼ਦੂਰ ਸੰਘ, ਥਰਮਲ ਇੰਪਲਾਈਜ਼ ਫੈਡਰੇਸ਼ਨ, ਬਿਜਲੀ ਮੁਲਾਜ਼ਮ ਫਰੰਟ ਆਦਿ) ਵੱਲੋਂ ਇਕ 'ਸਾਂਝਾ ਫੋਰਮ' ਬਣਾ ਕੇ ਰੈਲੀ ਕੀਤੀ ਗਈ। ਇਸ ਸਾਂਝੇ ਫੋਰਮ ਦੀ ਹਮਾਇਤ 'ਚ 17 ਕਿਸਾਨ-ਮਜ਼ਦੂਰ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਅੰਦਰ ਕੰਮ ਕਰਦੀਆਂ 6 ਜਨਤਕ ਜਥੇਬੰਦੀਆਂ (ਸੈਂਟਰ ਆਫ ਟਰੇਡ ਯੂਨੀਅਨ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਜਮਹੂਰੀ ਕਿਸਾਨ ਸਭਾ ਪੰਜਾਬ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ-ਹਰਿਆਣਾ, ਨਾਰਦਨ ਰੇਲਵੇ ਮੈਨਜ਼ ਯੂਨੀਅਨ) ਨੇ ਵੀ ਡਟ ਕੇ ਸਾਥ ਦਿੱਤਾ। ਇਸ ਰੈਲੀ ਵਿਚ ਲਗਭਗ 20 ਹਜ਼ਾਰ ਮਜ਼ਦੂਰ, ਕਿਸਾਨ ਸ਼ਾਮਲ ਹੋਏ।

ਤੀਜੀ ਰੈਲੀ ਵਿਚ ਪੰਜ ਕਿਸਾਨ-ਮਜ਼ਦੂਰ ਜਥੇਬੰਦੀਆਂ (ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ (ਪੰਨੂ), ਕਿਰਤੀ ਕਿਸਾਨ ਸਭਾ ਅਤੇ ਇਨਕਲਾਬੀ ਮਜ਼ਦੂਰ ਯੂਨੀਅਨ) ਸ਼ਾਮਲ ਸਨ। ਇਸ ਰੈਲੀ ਵਿਚ 25-30 ਹਜ਼ਾਰ ਤੋਂ ਵੱਧ ਕਿਸਾਨ ਅਤੇ ਮਜ਼ਦੂਰ ਸ਼ਾਮਲ ਹੋਏ।

## ਕਿਸਾਨਾਂ-ਮਜ਼ਦੂਰਾਂ ਵੱਲੋਂ ਏਨਾ ਤਕੜਾ ਵਿਰੋਧ ਕਿਉਂ

ਸਿਰਫ ਪੰਜ ਰਾਜਾਂ ਨੂੰ ਛੱਡ ਕੇ ਬਾਕੀ ਜਿਹਨਾਂ ਸੂਬਿਆਂ ਵਿਚ ਬੋਰਡ ਤੋੜਕੇ ਉਹਨਾਂ ਦੇ ਨਿਗਮ ਬਣਾਏ ਗਏ ਹਨ, ਇਹਨਾਂ ਸਭਨਾਂ ਰਾਜਾਂ ਵਿਚ ਬਿਜਲੀ ਦਰਾਂ ਬੇਹੱਦ ਮਹਿੰਗੀਆਂ ਹੋਈਆਂ ਹਨ, ਅਤੇ ਬਿਜਲੀ ਸਪਲਾਈ ਵੀ ਬੇਹੱਦ ਖ਼ਰਾਬ ਹੈ। ਪੰਜਾਬ ਦੇ ਸੰਗਠਿਤ ਕਿਸਾਨ-ਮਜ਼ਦੂਰ ਜਾਣਦੇ ਹਨ ਕਿ ਜੇਕਰ ਬਿਜਲੀ ਬੋਰਡ ਟੁੱਟ ਗਿਆ ਤਾਂ ਨਾ ਸਿਰਫ਼ ਖੇਤੀ ਮੋਟਰਾਂ ਅਤੇ ਗਰੀਬਾਂ ਨੂੰ ਮਿਲਦੀ ਫ਼ਰੀ ਬਿਜਲੀ ਸਹੂਲਤ ਹੀ ਲੋਕਾਂ ਕੋਲੋਂ ਖੁੱਸਣੀ ਹੈ, ਸਗੋਂ ਸਾਰਾ ਖੇਤੀ ਸੈਕਟਰ ਤਬਾਹ ਹੋ ਜਾਵੇਗਾ। ਕਰਜ਼ਿਆਂ ਵਿਚ ਪਰੁੰਨੀ ਕਿਸਾਨੀ ਤਬਾਹ ਹੋ ਜਾਵੇਗੀ, ਪੰਜਾਬ ਦੀ ਸਨਅਤ ਜੋ ਕਿ ਪਹਿਲਾਂ ਹੀ ਡੁੱਬਣ ਕਿਨਾਰੇ ਹੈ ਉਹ ਵੀ ਮਹਿੰਗੀਆਂ ਦਰਾਂ ਨੂੰ ਝੱਲ ਨਹੀਂ ਸਕੇਗੀ। ਪੰਜਾਬ ਦੇ ਮਜ਼ਦੂਰ ਜੋ ਕਿ ਬੇਰੁਜ਼ਗਾਰੀ ਦੀ ਹਾਲਤ ਕਰਕੇ ਅਤੇ ਲੱਕ ਤੋੜਵੀਂ ਮਹਿੰਗਾਈ ਕਰਕੇ ਭੁੱਖਮਰੀ ਦਾ ਸ਼ਿਕਾਰ ਹਨ ਉਨ੍ਹਾਂ ਦੇ ਘਰਾਂ ਵਿਚ ਬਿਜਲੀ ਦੇ ਬਲਬ ਸਦਾ ਲਈ

ਬੁਝ ਜਾਣਗੇ। ਇਸ ਲਈ ਕਿਸਾਨਾਂ-ਮਜ਼ਦੂਰਾਂ ਸਮੇਤ, ਸਨਅਤਕਾਰਾਂ-ਛੋਟੇ ਕਾਰੋਬਾਰੀਏ ਸਭਨਾਂ ਵਿਚ ਬੋਰਡ ਦੇ ਟੁੱਟਣ ਬਾਰੇ ਗੰਭੀਰ ਚਿੰਤਾ ਹੈ ਅਤੇ ਉਹ ਸਰਕਾਰ ਖ਼ਿਲਾਫ਼ ਘੋਲ ਦੇ ਰਾਹ ਪਏ ਹੋਏ ਹਨ।

## ਚੰਡੀਗੜ੍ਹ ਲਾਠੀਚਾਰਜ ਦੀ ਘਟਨਾ ਕਿਵੇਂ ਵਾਪਰੀ

ਤੀਜੀ ਰੈਲੀ, ਜਿਸ ਵਿਚ ਪੰਜ ਮਜ਼ਦੂਰ-ਕਿਸਾਨ ਜਥੇਬੰਦੀਆਂ ਸ਼ਾਮਲ ਸਨ। ਉਸ ਰੈਲੀ ਨੂੰ ਤਹਿਸ ਕਰਨ ਲਈ ਪੁਲਸ ਨੇ ਜੋ ਕਾਰਾ ਕੀਤਾ ਉਹ ਬਹੁਤ ਹੀ ਨਿੰਦਣਯੋਗ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਸ ਰੈਲੀ ਲਈ 16-23 ਸੈਕਟਰ ਦੀ ਸਾਂਝੀ ਵੱਡੀ ਸੜਕ ਅਲਾਟ ਕੀਤੀ ਗਈ ਸੀ, ਜਿਥੇ ਇਹ ਰੈਲੀ ਸ਼ਾਮ 4 ਵਜੇ ਸ਼ਾਂਤੀਪੂਰਵਕ ਢੰਗ ਨਾਲ ਸਮਾਪਤ ਹੋ ਗਈ। ਚੰਡੀਗੜ੍ਹ ਪ੍ਰਸ਼ਾਸਨ ਨਾਲ ਆਗੂਆਂ ਦੀਆਂ ਪਹਿਲਾਂ ਹੋਈਆਂ ਮੀਟਿੰਗਾਂ ਵਿਚ ਥਾਂ ਦੀ ਅਲਾਟਮੈਂਟ ਦੇ ਨਾਲ-ਨਾਲ 17 ਸੈਕਟਰ ਦੇ ਬੱਸ ਅੱਡੇ ਤੱਕ ਮੁਜ਼ਾਹਰਾ ਕਰਨਾ ਵੀ ਤਹਿਸ਼ੁਦਾ ਸੀ। ਇਸ ਤਹਿਸ਼ੁਦਾ ਪ੍ਰੋਗਰਾਮ ਅਨੁਸਾਰ ਹੀ ਰੈਲੀ ਦੇ ਸੰਚਾਲਕਾਂ ਵੱਲੋਂ ਰੈਲੀ ਦੀ ਸਮਾਪਤੀ ਉਪਰੰਤ ਐਲਾਨ ਕੀਤਾ ਗਿਆ ਕਿ ਬੱਸ ਅੱਡੇ ਤਕ ਮੁਜ਼ਾਹਰਾ ਕੀਤਾ ਜਾਵੇਗਾ। ਸੰਚਾਲਕਾਂ ਵੱਲੋਂ ਜ਼ਿਲ੍ਹਿਆਂ ਅਨੁਸਾਰ ਲੋਕਾਂ ਨੂੰ ਮੁਜ਼ਾਹਰੇ ਵਿਚ ਸ਼ਾਮਲ ਹੋ ਕੇ ਅੱਗੇ ਤੁਰਨ ਦੀ ਹਦਾਇਤ ਕੀਤੀ ਅਤੇ ਇਸੇ ਅਨੁਸਾਰ ਉਹਨਾਂ ਦੇ ਵਾਹਨਾਂ ਨੂੰ ਖੜ੍ਹੇ ਹੋਣ ਦੀ ਤਰਤੀਬ ਦਿੱਤੀ ਗਈ ਤਾਂ ਕਿ ਸ਼ਹਿਰ ਵਿਚੋਂ ਨਿਕਲਣ ਸਮੇਂ ਟਰੈਫ਼ਿਕ ਦੀ ਸਮੱਸਿਆ ਨਾ ਬਣੇ, ਪਰ ਐਨ ਮੌਕੇ 'ਤੇ, ਜਦੋਂ ਲੋਕ ਮੁਜ਼ਾਹਰੇ ਲਈ ਅੱਗੇ ਵਧੇ ਤਾਂ ਬੱਸ ਅੱਡੇ ਨੂੰ ਜਾਂਦੇ ਚੌਕ ਕੋਲ ਪੁਲੀਸ ਨੇ ਭਾਰੀ ਬੈਰੀਕੇਡ ਖੜ੍ਹੇ ਕਰਕੇ ਵੱਡੀ ਗਿਣਤੀ ਵਿਚ ਪੁਲੀਸ ਫੋਰਸ ਤਾਇਨਾਤ ਕਰਕੇ ਮੁਜ਼ਾਹਰੇ 'ਚ ਸ਼ਾਮਲ ਲੋਕਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ ਗਿਆ। ਆਗੂਆਂ ਵੱਲੋਂ ਪੁਲੀਸ ਅਧਿਕਾਰੀਆਂ ਨੂੰ ਤਹਿਸ਼ੁਦਾ ਪ੍ਰੋਗਰਾਮ ਦਾ ਚੇਤਾ ਕਰਵਾਇਆ ਗਿਆ ਅਤੇ ਸ਼ਾਂਤੀਪੂਰਵਕ ਮੁਜ਼ਾਹਰਾ ਕਰਨ ਦਾ ਭਰੋਸਾ ਦਿਵਾਇਆ। ਪਰ ਪੁਲੀਸ ਅਧਿਕਾਰੀ ਕਿਸਾਨ ਆਗੂਆਂ ਦੀ ਗੱਲ 'ਤੇ ਇਤਬਾਰ ਨਹੀਂ ਕਰ ਰਹੇ ਸਨ। ਕਰੀਬ ਅੱਧਾ ਘੰਟਾ ਆਗੂਆਂ ਅਤੇ ਪੁਲੀਸ ਅਧਿਕਾਰੀਆਂ ਦਰਮਿਆਨ ਗੱਲਬਾਤ ਚਲਦੀ ਰਹੀ। ਅਖ਼ੀਰ ਐਸ. ਪੀ. ਰੈਂਕ ਦੇ ਇਕ ਅਧਿਕਾਰੀ ਵੱਲੋਂ ਸਾਫ ਇਨਕਾਰ ਕਰਨ ਤੇ ਜਿਉਂ ਹੀ ਲੋਕ ਅੱਗੇ ਵਧੇ ਤਾਂ ਪੁਲੀਸ ਵੱਲੋਂ ਅੱਥਰੂ ਗੈਸ ਅਤੇ ਪਾਣੀ ਵਾਲੀਆਂ ਤੋਪਾਂ ਦਾ ਮੂੰਹ ਖੋਲ੍ਹ ਦਿੱਤਾ ਗਿਆ। ਕਿਸਾਨ-ਮਜ਼ਦੂਰ ਆਗੂਆਂ ਦਾ ਅੰਦਾਜ਼ਾ ਸੀ ਕਿ ਪੁਲੀਸ ਥੋੜ੍ਹੇ ਬਹੁਤ ਪੈਰ ਦੜਨ ਤੋਂ ਬਾਅਦ ਪਿੱਛੇ ਹਟ ਜਾਵੇਗੀ ਪਰ ਪੁਲੀਸ ਦਾ ਰਵੱਈਆ ਲਗਾਤਾਰ ਸਖ਼ਤ ਹੁੰਦਾ ਗਿਆ। ਉਨ੍ਹਾਂ ਸੱਜੇ ਪਾਸਿਓਂ ਕਾਲੇ ਕੱਪੜਿਆਂ ਵਾਲੇ ਕਮਾਂਡੋਜ਼ ਨੂੰ ਹਮਲਾ ਕਰਨ ਦਾ ਹੁਕਮ ਦਿੱਤਾ। ਮਜ਼ਦੂਰ-ਕਿਸਾਨ ਇਕ ਵਾਰ ਤਾਂ ਪਿੱਛੇ ਹਟ ਗਏ ਪਰ ਪੁਲੀਸ ਲਗਾਤਾਰ ਅੱਗੇ ਵਧਦੀ ਗਈ।

ਅਖ਼ੀਰ ਲੋਕਾਂ ਵੱਲੋਂ ਵੀ ਆਪਣੇ ਬਚਾਅ ਲਈ ਪੁਲੀਸ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਪਥਰਾਅ ਸ਼ੁਰੂ ਹੁੰਦਿਆਂ ਹੀ ਪੁਲੀਸ ਪਿਛਲਖੁਰੀ ਭੱਜ ਤੁਰੀ। ਲੋਕਾਂ ਦਾ ਹਜੂਮ ਪੁਲੀਸ 'ਤੇ ਭਾਰੀ ਪੈ ਗਿਆ ਤੇ ਪੁਲੀਸ ਲੋਕਾਂ ਦੇ ਅੱਗੇ ਲੱਗ ਤੁਰੀ ਤੇ ਅਫ਼ਸਰਾਂ ਸਮੇਤ ਭੱਜ ਕੇ ਦੂਰ ਨਿੱਕਲ ਗਈ। ਕਿਸਾਨ-ਮਜ਼ਦੂਰ ਦੁਬਾਰਾ ਫਿਰ ਸਟੇਜ ਦੇ ਲਾਗੇ ਇਕੱਠੇ ਹੋ ਗਏ। ਜਿਥੇ ਆਗੂਆਂ ਨੇ ਐਲਾਨ ਕੀਤਾ ਕਿ ਹੁਣ ਲੋਕ ਆਪੋ-ਆਪਣੇ ਵਾਹਨਾਂ 'ਤੇ ਸਵਾਰ ਹੋ ਕੇ ਵਾਪਸ ਜਾਣ। ਕਰੀਬ ਇਕ ਘੰਟੇ ਤੋਂ ਬਾਅਦ ਜਦ ਲੋਕ ਆਪੋ-ਆਪਣੇ ਵਾਹਨਾਂ ਵਿਚ ਸਵਾਰ ਹੋ ਕੇ ਨਿਕਲ ਰਹੇ ਸਨ ਤਾਂ ਪੁਲੀਸ ਨੇ ਅਚਾਨਕ ਪਿੱਛੋਂ ਧਾਵਾ ਬੋਲ ਦਿੱਤਾ। ਅੰਧਾਧੁੰਦ ਅੱਥਰੂ ਗੈਸ ਦੇ ਗੋਲਿਆਂ ਨੇ ਲੋਕਾਂ ਵਿਚ ਖਲਬਲੀ ਮਚਾ ਦਿੱਤੀ। ਪੁਲੀਸ ਨੇ ਔਰਤਾਂ ਸਮੇਤ ਜੋ ਵੀ ਹੱਥ ਲੱਗਾ ਉਸਦੀ ਜੰਮ ਕੇ ਕੁੱਟਮਾਰ ਕੀਤੀ। ਬੱਸਾਂ ਵਿਚ ਬੈਠੇ ਲੋਕਾਂ ਨੂੰ, ਬੱਸਾਂ ਦੇ ਸ਼ੀਸ਼ੇ ਭੰਨ ਕੇ ਜ਼ਖ਼ਮੀ ਕੀਤਾ ਗਿਆ। ਇਸ ਸਮੇਂ ਹੀ ਚਰਨਾਰਥਕਲਾ ਦੇ ਨੌਜਵਾਨ ਜੱਗਾ ਸਿੰਘ ਜੋ ਕਿ ਬੱਸ 'ਤੇ ਚੜ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਪੁਲੀਸ ਵਲੋਂ ਡਾਂਗਾਂ ਵਰ੍ਹਦੀਆਂ ਹੋਣ ਕਰਕੇ ਉਹ ਚਲਦੀ ਬੱਸ ਦੇ ਹੇਠਾਂ ਆ ਗਿਆ ਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਇਲਾਵਾ ਜ਼ਖਮੀ ਮਜ਼ਦੂਰਾਂ ਕਿਸਾਨਾਂ 'ਚੋਂ ਦੋ ਹੋਰ ਕਿਸਾਨਾਂ ਨੇ ਵਾਪਸ ਜਾਂਦਿਆਂ ਰਾਹ ਵਿਚ ਦਮ ਤੋੜ ਦਿੱਤਾ।

ਲਗਭੱਗ 40-50 ਕਿਸਾਨ-ਮਜ਼ਦੂਰ ਜੇਲ੍ਹ ਵਿਚ ਡੱਕਣ ਤੋਂ ਇਲਾਵਾ ਅਨੇਕਾਂ ਕਿਸਾਨ-ਮਜ਼ਦੂਰ ਆਗੂਆਂ ਤੇ ਝੂਠੇ ਕੇਸ ਦਰਜ ਕੀਤੇ ਗਏ। ■



ਸਫਾ 1 ਦੀ ਬਾਕੀ

# ਝੂਠੇ ਮੁਕਾਬਲਿਆਂ 'ਚ ਕਤਲ — ਹਕੂਮਤੀ ਦਹਿਸ਼ਤਗਰਦੀ ਦਾ ਇੱਕ ਮਿਆਰੀ ਅਮਲ

ਹੈ) ਨੇ "ਮੁਕਾਬਲੇ" ਵਿੱਚ ਇਨ੍ਹਾਂ ਚਾਰ ਵਿਅਕਤੀਆਂ ਦੇ ਕਤਲ ਨੂੰ ਉਚਿਤ ਠਹਿਰਾਉਣ ਲਈ ਇਹ ਦਾਵਾ ਕੀਤਾ ਸੀ ਕਿ ਇਨ੍ਹਾਂ 'ਚੋਂ ਦੋ ਬੰਦੇ ਪਾਕਿਸਤਾਨ ਤੋਂ ਆਏ ਸਨ, ਅਤੇ ਕਿ ਇਨ੍ਹਾਂ ਚੌਹਾਂ ਦੇ ਲਸ਼ਕਰ-ਏ-ਤੋਇਬਾ ਨਾਲ ਸਬੰਧ ਸਨ ਅਤੇ ਇਹ ਨਰੇਂਦਰ ਮੋਦੀ ਦਾ ਕਤਲ ਕਰਨ ਦੇ ਮਿਸ਼ਨ ਤੇ ਨਿਕਲੇ ਸਨ। ਲੇਕਿਨ ਜਾਂਚ ਰਿਪ੍ਰੋਟ ਮੁਤਾਬਕ, ਲਸ਼ਕਰ-ਏ-ਤੋਇਬਾ ਨਾਲ ਇਨ੍ਹਾਂ ਚੌਹ ਨੂੰ ਜੋੜਨ ਵਾਲਾ ਕੋਈ ਸਬੂਤ ਨਹੀਂ ਮਿਲਿਆ ਅਤੇ ਨਾ ਹੀ ਇਹ ਸਾਬਤ ਹੋ ਸਕਿਆ ਹੈ ਕਿ ਉਹ "ਨਰੇਂਦਰ ਮੋਦੀ ਨੂੰ ਮਾਰਨ" ਦੇ ਇਰਾਦੇ ਨਾਲ ਅਹਿਮਦਾਬਾਦ ਆ ਰਹੇ ਸਨ। ਰਿਪ੍ਰੋਟ ਇਹ ਸਪੱਸ਼ਟ ਦਿਖਾਉਂਦੀ ਹੈ ਕਿ ਕਿਵੇਂ ਇਨ੍ਹਾਂ ਚੌਹਾਂ ਨੂੰ ਪਹਿਲਾਂ ਅਗਵਾ ਕਰਕੇ ਪੁਲਸ ਹਿਰਾਸਤ ਵਿੱਚ ਕਤਲ ਕਰ ਦਿੱਤਾ ਗਿਆ ਸੀ, ਅਤੇ ਬਾਦ ਵਿੱਚ "ਮੁਕਾਬਲੇ" ਦੀ ਕਹਾਣੀ ਨੂੰ ਸੱਚੀ ਸਾਬਤ ਕਰਨ ਲਈ, ਉਨ੍ਹਾਂ ਦੀਆਂ ਲਾਸ਼ਾਂ ਉੱਤੇ ਸਬੂਤ ਰੱਖ ਦਿੱਤੇ ਗਏ ਸਨ। ਜਾਂਚ ਰਿਪ੍ਰੋਟ ਦੇ ਮੁਤਾਬਕ, ਪੁਲਸ ਅਧਿਕਾਰੀਆਂ ਨੇ ਤਰੱਕੀਆਂ ਲੈਣ ਲਈ ਅਤੇ ਮੁੱਖ ਮੰਤਰੀ ਤੋਂ ਹੋਰ ਫਾਇਦੇ ਲੈਣ ਲਈ, ਇਸ਼ਰਤ ਜਹਾਂ ਅਤੇ ਤਿੰਨ ਹੋਰਨਾਂ ਨੂੰ ਕਤਲ ਕੀਤਾ ਸੀ।

ਬੇਕਸੂਰ ਲੋਕਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਕਤਲ ਕਰਨਾ, ਹੁਣ ਸਾਡੇ ਦੇਸ਼ ਅੰਦਰ ਹਕੂਮਤੀ ਦਹਿਸ਼ਤਗਰਦੀ ਦੀ ਕਾਰਵਾਈ ਵਿੱਚ ਇੱਕ ਮਿਆਰੀ ਅਮਲ ਬਣ ਗਿਆ ਹੈ। ਮੁਕਾਬਲਿਆਂ ਵਿੱਚ ਕਤਲਾਂ ਦੇ ਅਣਗਿਣਤ ਕੇਸਾਂ ਦੀਆਂ ਖਬਰਾਂ ਛਪਦੀਆਂ ਹਨ, ਜਿਸ ਉਪਰੰਤ ਇਨ੍ਹਾਂ 'ਚੋਂ ਜ਼ਿਆਦਾਤਰ ਉਤੇ ਪਰਦਾ ਪਾ ਦਿੱਤਾ ਜਾਂਦਾ ਹੈ ਅਤੇ ਸੱਚਾਈ ਕਦੇ ਵੀ ਸਾਹਮਣੇ ਨਹੀਂ ਆਉਣ ਦਿੱਤੀ ਜਾਂਦੀ। ਦੋ ਐਸੇ ਤਾਜ਼ਾ ਕੇਸ, ਜਿਨ੍ਹਾਂ ਤੇ ਅਜੇ ਧੂੜ ਨਹੀਂ ਜੰਮੀ ਹੈ ਅਤੇ ਜਨਤਕ ਪ੍ਰਤੀਰੋਧ ਜਾਰੀ ਹਨ, ਇਹ ਹਨ ਇਸ ਸਾਲ ਜੁਲਾਈ ਵਿੱਚ ਮਣੀਪੁਰ ਦੀ ਰਾਜਧਾਨੀ ਇੰਫਾਲ ਵਿੱਚ ਮਣੀਪੁਰ ਪੁਲਸ ਕਮਾਂਡੋਜ਼ ਵਲੋਂ "ਮੁਕਾਬਲੇ" ਵਿੱਚ ਇੱਕ ਨੌਜਵਾਨ ਦਾ ਕਤਲ, ਅਤੇ ਪਿਛਲੇ ਸਾਲ ਸਤੰਬਰ ਵਿੱਚ ਦਿੱਲੀ ਦੇ ਜਾਮੀਆ ਨਗਰ ਦੇ ਬਾਟਲਾ ਹਾਊਸ ਵਿੱਚ "ਮੁਕਾਬਲੇ" ਦੁਰਾਨ ਗੋਲੀ-ਬਾਰੀ ਦੇ ਕੇਸ।

1960 ਅਤੇ 70 ਦੇ ਦਹਾਕਿਆਂ ਵਿੱਚ, ਪੱਛਮੀ ਬੰਗਾਲ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ, ਨਕਸਲਵਾਦੀਆਂ ਨਾਲ ਨਿਪਟਣ ਦੇ ਨਾਂ ਹੇਠ ਸੈਂਕੜੇ ਹੀ ਨੌਜਵਾਨਾਂ ਦੇ ਕਤਲਾਂ ਨੂੰ ਉਚਿਤ ਠਹਿਰਾਉਣ ਲਈ, ਨਿਯਮਤ ਤੌਰ ਤੇ "ਮੁਕਾਬਲੇ" ਕੀਤੇ ਜਾਂਦੇ ਸਨ।



ਦਿੱਲੀ 'ਚ ਫਰਜੀ ਮੁਕਾਬਲੇ ਵਿਰੁੱਧ, ਜਾਮੀਆਂ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਮਾਰਚ

1984 ਤੋਂ ਸ਼ੁਰੂ ਹੋਕੇ, ਲਗ-ਭਗ ਇੱਕ ਦਹਾਕੇ ਤਕ, ਉਗਰਵਾਦ ਨਾਲ ਨਿਪਟਣ ਦੇ ਨਾਂ ਹੇਠ, ਹਿੰਦੋਸਤਾਨੀ ਰਾਜ ਨੇ ਪੰਜਾਬ ਵਿੱਚ ਹਜਾਰਾਂ ਹੀ ਲੋਕਾਂ ਨੂੰ ਬੜੀ ਬੇ-ਰਹਿਮੀ ਨਾਲ ਅਜੇਹੇ "ਮੁਕਾਬਲਿਆਂ" ਵਿੱਚ ਕਤਲ ਕਰ ਸੁੱਟਿਆ ਸੀ। ਕਸ਼ਮੀਰ, ਮਣੀਪੁਰ ਅਤੇ ਉੱਤਰ-ਪੂਰਬ ਦੇ ਹੋਰ ਰਾਜਾਂ ਵਿੱਚ,ਜਿੱਥੇ "ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਕਨੂੰਨ" ਦੇ ਤਹਿਤ ਫੌਜ ਨੂੰ ਲੋਕਾਂ ਉੱਤੇ ਗੋਲੀ ਚਲਾਉਣ, ਕਤਲ ਕਰਨ, ਬਲਾਤਕਾਰ ਕਰਨ ਅਤੇ ਦਹਿਸ਼ਤ ਫੈਲਾਉਣ ਦੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ, ਉਥੇ "ਵਿਦਰੋਹ ਨਾਲ ਨਿਪਟਣ" ਦੇ ਨਾਂ ਤੇ ਤਕਰੀਬਨ ਰੋਜ਼ ਹੀ ਮੁਕਾਬਲਿਆਂ ਵਿੱਚ ਕਤਲ ਕੀਤੇ ਜਾ ਰਹੇ ਹਨ। ਫੌਜ ਤੋਂ ਇਲਾਵਾ, ਰਾਜ ਦੀ ਪੁਲਸ ਅਤੇ ਵੱਖ-ਵੱਖ ਅਰਧ-ਫੌਜੀ ਬਲ ਨਿਯਮਤ ਤੌਰ ਤੇ ਮੁਕਾਬਲਿਆਂ ਵਿੱਚ ਕਤਲ ਕਰਦੇ ਰਹਿੰਦੇ ਹਨ। ਛਤੀਸਗੜ, ਝਾਰਖੰਡ, ਉੜੀਸਾ ਅਤੇ ਦੇਸ਼ ਦੇ ਕਈ ਹੋਰ ਇਲਾਕਿਆਂ ਵਿੱਚ, ਜਿੱਥੇ ਕਿਸਾਨ ਅਤੇ ਕਬਾਇਲੀ ਲੋਕ ਵੱਡੀਆਂ ਇਜਾਰੇਦਾਰ ਕੰਪਣੀਆਂ ਵਲੋਂ ਆਪਣੀਆਂ ਜ਼ਮੀਨਾਂ ਅਤੇ ਜੰਗਲ ਹੜੱਪੇ ਜਾਣ ਦੇ ਖਿਲਾਫ ਲੜ ਰਹੇ ਹਨ, ਉਥੇ ਵੀ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਅਕਸਰ "ਅੱਤਵਾਦੀ" ਕਹਿਕੇ "ਮੁਕਾਬਲਿਆਂ" ਵਿੱਚ ਕਤਲ ਕੀਤਾ ਜਾਂਦਾ ਹੈ।

ਪੁਲੀਸ ਅਤੇ ਸੁਰੱਖਿਆ ਬਲ ਮੁਕਾਬਲਿਆਂ 'ਚ ਕਤਲਾਂ ਨੂੰ ਉਚਿਤ ਠਹਿਰਾਉਣ ਲਈ ਇਹ ਦਲੀਲ ਦਿੰਦੇ ਹਨ ਕਿ ਇਹ (ਕਤਲ) ਜਰੂਰੀ ਹਨ ਕਿਉਂਕਿ ਨਿਆਂਇਕ ਵਿਧੀ "ਬੇਕਾਰ" ਹੈ। ਉਹ ਕਹਿੰਦੇ ਹਨ ਕਿ ਕਿਉਂਕਿ ਦਹਿਸ਼ਤਗਰਦ ਅਦਾਲਤਾਂ ਨੂੰ ਝਾਂਸਾ ਦੇਕੇ ਬਚ ਨਿਕਲਦੇ ਹਨ, ਏਸ ਲਈ ਸਮਾਜ ਲਈ ਉਨ੍ਹਾਂ ਤੋਂ ਉਤਪੰਨ ਹੁੰਦੇ ਖਤਰੇ ਨੂੰ ਮਿਟਾ ਦੇਣ ਦਾ ਇਹ ਇੱਕ ਜ਼ਾਇਜ ਤਰੀਕਾ ਹੈ। ਇਹ ਕਹਾਣੀ ਵੀ ਅਕਸਰ ਦੁਹਰਾਈ ਜਾਂਦੀ ਹੈ ਕਿ ਪੁਲਸ ਨੂੰ ਆਤਮ-ਰੱਖਿਆ ਲਈ ਕਤਲ ਕਰਨਾ ਪਿਆ, ਕਿਉਂਕਿ ਕਥਿਤ ਦਹਿਸ਼ਦਗਰਦ ਨੇ ਪਹਿਲਾਂ ਉਨ੍ਹਾਂ (ਪੁਲਸ) ਉੱਤੇ ਗੋਲੀ ਚਲਾਈ ਸੀ।

ਹੁਣ ਆਮ ਲੋਕ ਅਤੇ ਮਨੁੱਖੀ ਅਧਿਕਾਰ ਗਰੁੱਪ "ਮੁਕਾਬਲਿਆਂ" 'ਚ ਕੀਤੇ ਜਾਂਦੇ ਇਨ੍ਹਾਂ ਕਤਲਾਂ ਤੋਂ ਬੇਹੱਦ ਗੁੱਸੇ ਵਿੱਚ ਹਨ। ਇਸਦੇ ਕਈ ਕਾਰਨ ਹਨ। ਪਹਿਲਾ, ਬਾਰ-ਬਾਰ ਇਹ ਸਾਬਤ ਹੋ ਚੁੱਕਾ ਹੈ ਕਿ ਸੁਰੱਖਿਆ ਬਲ ਅਸਲੀ ਗੁਨਾਹਗਾਰਾਂ ਨੂੰ ਫੜਕੇ ਨਹੀਂ ਮਾਰਦੇ ਹਨ, ਬਲਕਿ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਜਿਨ੍ਹਾਂ ਨੂੰ ਬਾਦ ਵਿੱਚ "ਖੌਫਨਾਕ ਦਹਿਸ਼ਤਗਰਦ" ਕਰਾਰ ਦੇ ਦਿੱਤਾ ਜਾਂਦਾ ਹੈ ਅਤੇ ਮੀਡੀਆ ਨੂੰ ਦਿਖਾਉਣ ਲਈ ਸਬੂਤ ਉਨ੍ਹਾਂ ਉਤੇ ਧਰ ਦਿੱਤੇ ਜਾਂਦੇ ਹਨ। ਦੂਸਰਾ, ਜਦ "ਮੁਕਾਬਲਾ" ਕਰਨੇ ਵਾਲੀਆਂ ਸੁਰੱਖਿਆ ਟੁਕੜੀਆਂ ਏਨੀ ਚੰਗੀ ਤਰ੍ਹਾਂ ਹਥਿਆਰਾਂ ਨਾਲ ਲੈਸ ਹੁੰਦੀਆਂ ਹਨ ਅਤੇ ਉਨ੍ਹਾਂ 'ਚ "ਮੁਕਾਬਲਾ-ਮਾਹਰ" ਵੀ ਸ਼ਾਮਲ ਹੁੰਦੇ ਹਨ, ਜੋ ਇਸ ਕੰਮ 'ਚ ਬਹੁਤ ਹੀ ਅਨੁਭਵੀ ਹੁੰਦੇ ਹਨ, ਤਾਂ ਇਹ ਯਕੀਨ ਕਰਨਾ ਬਹੁਤ ਮੁਸ਼ਕਿਲ ਹੈ ਕਿ ਉਨ੍ਹਾਂ ਨੂੰ "ਆਤਮ ਰੱਖਿਆ" ਲਈ ਗੋਲੀ ਚਲਾਉਣੀ ਪਈ। ਤੀਸਰਾ, ਪੁਲਸ ਅਤੇ ਸੁਰੱਖਿਆ ਬਲ ਇਨ੍ਹਾਂ ਫਰਜ਼ੀ ਮੁਕਾਬਲਿਆਂ 'ਚ ਕਤਲਾਂ ਨੂੰ ਪੂਰੀ ਖੁਲ੍ਹ ਨਾਲ ਅੰਜਾਮ ਦਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ

Title Code. DELPUN 00586/29/1/2009-TC
Under Process Registration with RNI
Form-B Declaration M/13/2009

ਮਿਹਨਤਕਸ਼ਾਂ ਦੀ ਅਵਾਜ਼

ਕਿ ਜੇਕਰ ਉਨ੍ਹਾਂ ਵਲੋਂ "ਵਿਧੀ 'ਚ ਕੋਈ ਕੁਤਾਹੀ" ਫੜੀ ਵੀ ਜਾਂਦੀ ਹੈ ਤਾਂ ਉਹਨੂੰ ਦਬਾ ਦਿੱਤਾ ਜਾਵੇਗਾ; ਕਿਉਂਕਿ ਇਨ੍ਹਾਂ 'ਚੋਂ ਅਧਿਕਤਰ ਮਾਮਲਿਆਂ ਨੂੰ ਦਬਾ ਦਿੱਤਾ ਜਾਂਦਾ ਹੈ ਅਤੇ ਕਦੇ ਵੀ ਪੂਰੀ ਤਰ੍ਹਾਂ ਇਨ੍ਹਾਂ ਦੀ ਜਾਂਚ ਨਹੀਂ ਕੀਤੀ, ਨਾ ਹੀ ਗੁਨਾਹਗਾਰਾਂ ਨੂੰ ਕਦੇ ਸਜ਼ਾ ਦਿੱਤੀ ਜਾਂਦੀ ਹੈ। ਮੁਕਾਬਲਿਆਂ 'ਚ ਕਤਲਾਂ ਦੇ ਜਿਨ੍ਹਾਂ ਇੱਕ-ਦੁੱਕਾ ਮਾਮਲਿਆਂ ਵਿੱਚ ਦੋਸ਼ੀ ਪੁਲਸ ਅਫਸਰਾਂ ਦੇ ਨਾਂ ਦੱਸੇ ਗਏ ਹਨ ਅਤੇ ਸੱਚਾਈ ਕੁੱਛ ਹੱਦ ਤਕ ਸਾਹਮਣੇ ਆਈ ਹੈ, ਜਿਵੇਂ ਕਿ ਇਸ਼ਰਤ ਜਹਾਂ ਕੇਸ 'ਚ ਹੋਇਆ ਹੈ — ਉਹ ਵੀ ਮ੍ਰਿਤਕਾਂ ਦੇ ਪ੍ਰੀਵਾਰ-ਜਨਾਂ ਅਤੇ ਮਾਨਵ ਅਧਿਕਾਰ ਕਾਰਕੁੰਨਾ ਦੀਆਂ ਸਾਲਾਂ-ਬੱਧੀ ਲਗਾਤਾਰ ਕੋਸ਼ਿਸ਼ਾਂ ਦੀ ਬਦੌਲਤ ਹੀ ਹੋਇਆ ਹੈ, ਜਿਨ੍ਹਾਂ ਨੇ ਆਪਣੇ ਯਤਨਾਂ ਰਾਹੀਂ ਸਰਕਾਰ ਨੂੰ ਜਾਂਚ ਕਰਵਾਉਣ ਤੇ ਮਜਬੂਰ ਕਰ ਦਿੱਤਾ! ਸੱਤਾ ਤੇ ਬੈਠੀ ਸਰਕਾਰ, ਚਾਹੇ ਉਹ ਕਿਸੇ ਵੀ ਰਾਜਨੀਤਕ ਪਾਰਟੀ ਦੀ ਸਰਕਾਰ ਹੋਵੇ, ਜਦ ਜਾਂਚ ਕਰਨ ਦੇ ਆਦੇਸ਼ ਦਿੰਦੀ ਵੀ ਹੈ ਤਾਂ ਇਸ ਜਾਂਚ ਨੂੰ ਕਰਨ ਵਾਲੇ ਮੁੱਖੀ ਤਾਂ ਰਾਜ ਦੀਆਂ ਉਨ੍ਹਾਂ ਹੀ ਗੁਨਾਹਗਾਰ ਏਜੰਸੀਆਂ ਦੇ ਪ੍ਰਤੀਨਿਧ ਹੁੰਦੇ ਹਨ ਜੋ ਕਤਲਾਂ ਉੱਤੇ ਪਰਦਾ ਪਾਉਂਦੀਆਂ ਅਤੇ ਉਨ੍ਹਾਂ ਨੂੰ ਜ਼ਾਇਜ਼ ਠਹਿਰਾਉਂਦੀਆਂ ਹਨ: ਏਸ ਲਈ ਉਨ੍ਹਾਂ ਤੋਂ ਕੋਈ ਹੋਰ ਉਮੀਦ ਕੀਤੀ ਵੀ ਨਹੀਂ ਜਾ ਸਕਦੀ। ਇਸ ਤੋਂ ਇਲਾਵਾ, ਮੁਕਾਬਲਿਆਂ ਵਿੱਚ ਕਤਲਾਂ ਦੇ ਤਕਰੀਬਨ ਸਾਰੇ ਹੀ ਮਾਮਲਿਆਂ ਵਿੱਚ, ਇਨ੍ਹਾਂ ਨੂੰ ਅੰਜ਼ਾਮ ਦੇਣ ਵਾਲੇ ਪੁਲਸ ਅਫਸਰਾਂ ਅਤੇ ਸੁਰੱਖਿਆ ਕਰਮੀਆਂ ਨੂੰ ਤਰੱਕੀਆਂ ਅਤੇ ਹੋਰ ਇਨਾਮਾਂ ਨਾਲ ਨਿਵਾਜ਼ਿਆ ਜਾਂਦਾ ਹੈ; ਇਸ ਨਾਲ ਉਨ੍ਹਾਂ ਦੀ ਇਹ ਸੋਚ ਹੋਰ ਮਜਬੂਤ ਹੁੰਦੀ ਹੈ ਕਿ ਆਪਣੀਆਂ ਤਰੱਕੀਆਂ ਲਈ ਕੁੱਝ ਬੇਕਸੂਰ ਲੋਕਾਂ ਦੀ ਬਲੀ ਚੜ੍ਹਾਉਣਾ ਗਲਤ ਨਹੀਂ ਹੈ।

ਇਹ ਹੁਣ ਇੱਕ ਪੂਰੀ ਤਰ੍ਹਾਂ ਸਾਬਤ ਹੋ ਚੁੱਕੀ ਸੱਚਾਈ ਹੈ ਕਿ ਰਾਜ ਦੀਆਂ ਸੁਰੱਖਿਆ ਏਜੰਸੀਆਂ, ਵੱਖ-ਵੱਖ ਰੂਪੋਸ਼ ਦਹਿਸ਼ਤਗਰਦ ਗ੍ਰੋਹਾਂ ਨੂੰ ਸੰਗਠਤ ਕਰਦੀਆਂ ਹਨ ਅਤੇ ਉਨ੍ਹਾਂ ਨਾਲ ਗੂੜ੍ਹੇ ਸਬੰਧ ਰੱਖਦੀਆਂ ਹਨ। ਇਹ ਗ੍ਰੋਹ ਵੱਡੇ-ਵੱਡੇ ਕਤਲੇਆਮ, ਬੰਬ ਕਾਂਡ, ਆਦਿ ਕਰਦੇ ਹਨ ਜਿਨ੍ਹਾਂ ਲਈ ਆਮ ਲੋਕਾਂ ਨੂੰ ਤੰਗ ਕੀਤਾ ਜਾਂਦਾ ਹੈ। ਏਸ ਤਰ੍ਹਾਂ ਪੈਦਾ ਹੋਏ ਦਹਿਸ਼ਤ ਅਤੇ ਅਸੁਰੱਖਿਆ ਦੇ ਮਹੌਲ ਅੰਦਰ, ਅਕਸਰ ਰਾਜ ਦੀਆਂ ਏਜੰਸੀਆਂ ਲਈ ਮੁਕਾਬਲਿਆਂ 'ਚ ਕੀਤੇ ਕਤਲਾਂ ਨੂੰ ਜਾਇਜ਼ ਠਹਿਰਾਉਣਾ, ਅਤੇ ਨਾਲੋ-ਨਾਲ ਵੱਡੇ ਪੈਮਾਨੇ ਤੇ ਫਿਰਕੂ ਅਤੇ ਉਗਰ-ਰਾਸ਼ਟਰਵਾਦੀ ਪ੍ਰਚਾਰ ਕਰਨਾ ਅਸਾਨ ਹੋ ਜਾਂਦਾ ਹੈ।

ਹਕੂਮਤੀ ਦਹਿਸ਼ਤਗਰਦੀ ਹਾਕਮ ਜਮਾਤ ਦਾ ਇੱਕ ਪਸੰਦੀਦਾ ਹਥਿਆਰ ਹੈ, ਜਿਸ ਨਾਲ ਉਹ ਵੱਡੀ ਇਜਾਰੇਦਾਰ ਸਰਮਾਏਦਾਰੀ ਹੱਥੋਂ ਵਹਿਸ਼ੀ ਲੁੱਟ ਦੇ ਖਿਲਾਫ ਲੋਕਾਂ ਦੇ ਪ੍ਰਤੀਰੋਧ ਨੂੰ ਗੁਮਰਾਹ ਕਰਦੀ ਅਤੇ ਕੁਚਲ ਦਿੰਦੀ ਹੈ। ਇਸ਼ਰਤ ਜਹਾਂ ਅਤੇ ਤਿੰਨ ਹੋਰ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ ਮੀਡੀਆ ਦੀਆਂ ਰਿਪ੍ਰੋਟਾਂ ਤੋਂ ਪਤਾ ਲੱਗਾ ਹੈ ਕਿ ਕੇਂਦਰ ਦੀ ਸੰਪ੍ਰਗ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਗੁਜਰਾਤ ਹਾਈ ਕੋਰਟ ਨੂੰ ਦਿੱਤੇ ਆਪਣੇ ਹਲਫਨਾਮੇ 'ਚ ਕਿਹਾ ਸੀ ਕਿ ਮਾਰੇ ਗਏ ਇਹ ਚਾਰ ਵਿਅਕਤੀ, ਲਸ਼ਕਰ-ਏ-ਤੋਇਬਾ ਨਾਲ ਸਬੰਧਤ ਸਨ। ਇਸ ਤੱਥ ਬਾਰੇ ਹੁਣ, ਮਜਿਸਟ੍ਰੇਟ ਦੀ ਜਾਂਚ ਰਿਪ੍ਰੋਟ ਦੇ ਮੱਦੇ-ਨਜ਼ਰ, ਕਈ ਸਵਾਲ ਉਠਾਏ ਜਾ ਰਹੇ ਹਨ। ਇਸਤੋਂ ਸਪੱਸ਼ਟ ਹੁੰਦਾ ਹੈ ਕਿ ਕਸੂਰਵਾਰ ਸਿਰਫ ਨਰੇਂਦਰ ਮੋਦੀ ਸਰਕਾਰ ਹੀ ਨਹੀਂ ਹੈ। ਸੱਚ ਤਾਂ ਇਹ ਹੈ ਕਿ ਕੇਂਦਰ ਅਤੇ ਸੂਬਿਆਂ ਵਿੱਚ ਚਾਹੇ ਕਿਸੇ ਵੀ ਪਾਰਟੀ ਜਾਂ ਗਠਜੋੜ ਦੀ ਸਰਕਾਰ ਰਹੀ ਹੋਵੇ, ਉਨ੍ਹਾਂ ਸੱਭ ਨੇ ਇੱਕੋ ਹੀ ਤਰੀਕੇ ਨਾਲ ਹਕੂਮਤੀ ਦਹਿਸ਼ਤਗਰਦੀ ਅਤੇ ਮੁਕਾਬਲਿਆਂ 'ਚ ਕਤਲਾਂ ਨੂੰ ਅਮਲ 'ਚ ਲਿਆਂਦਾ ਹੈ। ਇਸ ਤੋਂ ਇਸ ਤੱਥ ਦੀ ਪ੍ਰੋੜਤਾ ਹੁੰਦੀ ਹੈ ਕਿ ਹਕੂਮਤੀ ਦਹਿਸ਼ਤਗਰਦੀ, ਹਾਕਮ ਜਮਾਤ ਅਤੇ ਉਸਦੇ ਹਿੱਤਾਂ ਦੀ ਰਖਵਾਲੀ ਕਰਨ ਵਾਲੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਅਸਲੇਖਾਨੇ ਦਾ ਇੱਕ ਜਰੂਰੀ ਅੰਗ ਹੈ।

ਸਮਾਜ ਦੇ ਸੱਭ ਤਬਕਿਆਂ ਦੇ ਲੋਕਾਂ ਨੂੰ ਇੱਕਜੁਟ ਹੋਕੇ ਇਹ ਮੰਗ ਕਰਨੀ ਪਏਗੀ ਕਿ ਸਭ ਤਰ੍ਹਾਂ ਦੀ ਹਕੂਮਤੀ ਦਹਿਸ਼ਤਗਰਦੀ ਅਤੇ ਗੈਰ-ਕਨੂੰਨੀ ਕਤਲਾਂ ਨੂੰ ਤੁਰੰਤ ਰੋਕਿਆ ਜਾਵੇ ਅਤੇ ਇਨ੍ਹਾਂ ਨੂੰ ਅੰਜ਼ਾਮ ਦੇਣ ਵਾਲੇ ਸੱਭ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ। ਸਾਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਹਕੂਮਤੀ ਦਹਿਸ਼ਤਗਰਦੀ ਦੇ ਸਮੁੱਚੇ ਢਾਂਚੇ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਜਾਵੇ, ਤਾਂਕਿ ਲੋਕਾਂ ਲਈ ਅਮਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ■



ਹਕੂਮਤੀ ਦਹਿਸ਼ਤਗਰਦੀ ਵਿਰੁੱਧ,ਇੰਫਾਲ ਵਿੱਚ ਔਰਤਾਂ ਦੀ ਸਭਾ

ਇਹ ਹੁਣ ਇੱਕ ਪੂਰੀ ਤਰ੍ਹਾਂ ਸਾਬਤ ਹੋ ਚੁੱਕੀ ਸੱਚਾਈ ਹੈ ਕਿ ਰਾਜ ਦੀਆਂ ਸੁਰੱਖਿਆ ਏਜੰਸੀਆਂ, ਵੱਖ-ਵੱਖ ਰੂਪੋਸ਼ ਦਹਿਸ਼ਤਗਰਦ ਗ੍ਰੋਹਾਂ ਨੂੰ ਸੰਗਠਤ ਕਰਦੀਆਂ ਹਨ ਅਤੇ ਉਨ੍ਹਾਂ ਨਾਲ ਗੂੜ੍ਹੇ ਸਬੰਧ ਰੱਖਦੀਆਂ ਹਨ। ਇਹ ਗ੍ਰੋਹ ਵੱਡੇ-ਵੱਡੇ ਕਤਲੇਆਮ, ਬੰਬ ਕਾਂਡ, ਆਦਿ ਕਰਦੇ ਹਨ ਜਿਨ੍ਹਾਂ ਲਈ ਆਮ ਲੋਕਾਂ ਨੂੰ ਤੰਗ ਕੀਤਾ ਜਾਂਦਾ ਹੈ। ਏਸ ਤਰ੍ਹਾਂ ਪੈਦਾ ਹੋਏ ਦਹਿਸ਼ਤ ਅਤੇ ਅਸੁਰੱਖਿਆ ਦੇ ਮਹੌਲ ਅੰਦਰ, ਅਕਸਰ ਰਾਜ ਦੀਆਂ ਏਜੰਸੀਆਂ ਲਈ ਮੁਕਾਬਲਿਆਂ 'ਚ ਕੀਤੇ ਕਤਲਾਂ ਨੂੰ ਜਾਇਜ਼ ਠਹਿਰਾਉਣਾ, ਅਤੇ ਨਾਲੋ-ਨਾਲ ਵੱਡੇ ਪੈਮਾਨੇ ਤੇ ਫਿਰਕੂ ਅਤੇ ਉਗਰ-ਰਾਸ਼ਟਰਵਾਦੀ ਪ੍ਰਚਾਰ ਕਰਨਾ ਅਸਾਨ ਹੋ ਜਾਂਦਾ ਹੈ।

ਮਜਦੂਰ ਏਕਤਾ ਲਹਿਰ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਈ-392 ਸੰਜੇ ਕਾਲੋਨੀ, ਓਖਲਾ ਫੇਜ਼-2 ਨਵੀਂ ਦਿੱਲੀ 110020, ਦੇ ਲਈ ਮਾ ਪ੍ਰਿੰਟਰਜ਼, ਬੀ-24/2 ਓਖਲਾ ਫੇਜ਼-2, ਨਵੀਂ ਦਿੱਲੀ 110020 ਤੋਂ ਛਪਵਾਕੇ, ਮਧੁਸੂਦਨ ਕਸਤੂਰੀ ਨੇ ਪ੍ਰਕਾਸ਼ਤ ਕੀਤਾ।
ਸੰਪਾਦਕ: ਚੰਦਰਭਾਨ, ਫੋਨ-9868721375